Excellence in Agri Info

KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

Rs.10/-

All Subject to Patiala Jurisdiction.

www.khetiduniyan.in

Editor : Jagpreet Singh ● RNI/PUNPUN00806 ● Issue Dated 24-08-2024 ● Vol.42 No.34 ● Ph. : 0175-2214575, 90410-14575 ● Page : 16 | E-mail : khetiduniyan1983@gmail.com




**ਪੰਜਾਬ ਦੀ ਆਬੋ-ਹਵਾ, ਆਲੂ ਦਾ ਮਿਆਰੀ ਬੀਜ ਪੈਦਾ ਕਰਨ ਲਈ ਢੁਕਵੀਂ ਹੈ। ਇਥੇ ਅਕਤੂਬਰ-ਦਸੰਬਰ ਦੌਰਾਨ ਤੇਲੇ ਦਾ ਹਮਲਾ ਨਾ-ਮਾਤਰ ਹੋਣ ਕਰਕੇ ਆਲੂ ਦੀ ਫਸਲ ਵਿਸ਼ਾਣੂੰ ਰੋਗਾਂ ਦੇ ਫੈਲਾਅ ਤੋਂ ਬਚੀ ਰਹਿੰਦੀ ਹੈ। ਆਲੂ ਦਾ ਸੁਧਰਿਆ ਬੀਜ ਤਿਆਰ ਕਰਨ ਲਈ ਫਸਲ ਦੇ ਵੱਖ-ਵੱਖ ਪੜਾਵਾਂ ਤੇ ਖਾਸ ਗੱਲਾਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਦਿੱਤਾ ਗਿਆ ਹੈ।**



# ਆਲੂ ਦਾ ਮਿਆਰੀ ਦਾ ਬੀਜ ਕਿਵੇਂ ਪੈਦਾ ਕਰੀਏ?

**ਸਤਪਾਲ ਸ਼ਰਮਾ, ਨਵਜੋਤ ਸਿੰਘ ਬਰਾੜ, ਅਤੇ ਸੁਖਵਿੰਦਰ ਸਿੰਘ ਔਲਖ,**
**ਸਬਜ਼ੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 94666-13412)**

### ਆਲੂ ਬੀਜ ਉਤਪਾਦਨ ਲਈ ਢੁਕਵੀਆਂ ਕਿਸਮਾਂ ਦੀ ਚੋਣ

ਆਲੂ ਬੀਜ ਉਤਪਾਦਕ ਆਲੂ ਦੀਆਂ ਉਹੀ ਕਿਸਮਾਂ ਦਾ ਬੀਜ ਪੈਦਾ ਕਰਨ ਜਿਸਦੀ ਬਹੁਤ ਮੰਗ ਹੋਵੇ। ਪੰਜਾਬ ਵਿਚ ਆਲੂ ਦਾ ਬੀਜ ਪੈਦਾ ਕਰਨ ਲਈ ਕੁਫਰੀ ਪੁਖਰਾਜ ਅਤੇ ਕੁਫਰੀ ਜਯੋਤੀ ਕਿਸਮਾਂ ਬਹੁਤ ਮਕਬੂਲ ਹਨ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਆਲੂ ਦਾ ਵੱਧ ਝਾੜ ਦੇਣ ਵਾਲੀਆਂ ਦੋ ਕਿਸਮਾਂ ਪੰਜਾਬ ਪੋਟੈਟੋ 101 ਅਤੇ ਪੰਜਾਬ ਪੋਟੈਟੋ 102 ਦੀ ਸਿਫਾਰਿਸ਼ ਕੀਤੀ ਗਈ ਹੈ ਅਤੇ ਇਸ ਨਾਲ ਇਹਨਾਂ ਕਿਸਮਾਂ ਦੇ ਨਵੇਂ ਸੁਧਰੇ ਬੀਜ ਦੀ ਭਾਰੀ ਮੰਗ ਸੀ ਜੋ ਆਉਣ ਵਾਲੇ ਸਾਲਾਂ ਵਿਚ ਹੋਰ ਵਧਣ ਦਾ ਅਨੁਮਾਨ ਹੈ।

### ਸੀਡ ਪਲਾਟ ਤਕਨੀਕ

ਸੀਡ ਪਲਾਟ ਤਕਨੀਕ ਰਾਹੀਂ ਆਲੂ ਦੇ ਬੀਜ ਲਈ ਰੋਗ ਮੁਕਤ



ਫਸਲ ਪੈਦਾ ਕੀਤੀ ਜਾਂਦੀ ਹੈ। ਇਸ ਤਕਨੀਕ ਦਾ ਮੁੱਖ ਸਿਧਾਂਤ ਆਲੂ ਬੀਜ ਫਸਲ ਨੂੰ ਉਸ ਸਮੇਂ ਪੈਦਾ ਕਰਨਾ ਹੈ ਜਦੋਂ ਕਿ ਤੇਲੇ ਦਾ ਹਮਲਾ ਘੱਟ ਤੋਂ ਘੱਟ ਹੋਵੇ ਜੋ ਕਿ ਅਕਤੂਬਰ ਤੋਂ ਜਨਵਰੀ ਦੇ ਪਹਿਲੇ ਹਫਤੇ ਦੌਰਾਨ ਹੁੰਦਾ ਹੈ। ਇਹ ਕੀੜਾ ਕਈ ਵਿਸ਼ਾਣੂੰ ਰੋਗਾਂ ਨੂੰ ਫੈਲਾਉਂਦਾ ਹੈ ਜਿਵੇਂ ਕਿ ਪੱਤਾ ਮੁੜਨ ਦਾ ਰੋਗ, ਵਿਸ਼ਾਣੂੰ 'ਐਕਸ', ਵਿਸ਼ਾਣੂੰ 'ਏ' ਅਤੇ ਵਿਸ਼ਾਣੂੰ 'ਵਾਈ'। ਇਸ ਵਿਚ ਸਰਵਪੱਖੀ ਕੀਟ ਅਤੇ ਬਿਮਾਰੀ ਪ੍ਰਬੰਧਨ, ਬਿਮਾਰੀ ਵਾਲੇ ਬੂਟੇ ਨਸ਼ਟ ਕਰਨਾ ਅਤੇ ਵੇਲਾਂ ਵੱਢਣ ਦਾ ਖਾਸ ਧਿਆਨ ਰੱਖਿਆ ਜਾਂਦਾ ਹੈ। ਦਸੰਬਰ ਦੇ ਅਖੀਰ ਜਾਂ ਜਨਵਰੀ ਦੇ ਪਹਿਲੇ ਹਫਤੇ ਜਦ ਤੇਲੇ ਦੀ ਗਿਣਤੀ 20 ਕੀੜੇ ਪ੍ਰਤੀ 100 ਪੱਤੇ ਹੋ ਜਾਵੇ ਤਾਂ ਵੇਲਾਂ ਕੱਟ ਦਿੱਤੀਆਂ ਜਾਂਦੀਆਂ ਹਨ।

### ਬੀਜ ਅਤੇ ਖੇਤ ਦੀ ਤਿਆਰੀ

ਆਲੂ ਦੀ ਬਿਜਾਈ ਲਈ ਜ਼ਮੀਨ ਦੀ ਤਿਆਰੀ ਚੰਗੀ ਹੋਣੀ ਚਾਹੀਦੀ ਹੈ। ਬੀਜ ਦੀ ਫਸਲ ਲਈ ਅਜਿਹੇ ਖੇਤ ਦੀ ਚੋਣ ਕਰੋ ਜੋ ਕਿ ਖਰੀਂਢ ਰੋਗ, ਨੀਮਾਟੋਡ ਆਦਿ ਤੋਂ ਮੁਕਤ ਹੋਵੇ। ਹਰੀ ਖਾਦ ਬੀਜਿਆ ਗਿਆ ਸਣ ਜਾਂ ਜੰਤਰ ਜ਼ਮੀਨ ਵਿਚ ਵਾਹ ਦਿਓ ਤਾਂ ਕਿ ਆਲੂ ਦੀ ਬਿਜਾਈ ਤੋਂ ਪਹਿਲਾਂ ਇਹ ਚੰਗੀ ਤਰ੍ਹਾਂ ਸੜ-ਗਲ ਜਾਵੇ। ਜੇ ਨਦੀਨ ਜਾਂ ਪਹਿਲੀ ਫਸਲ ਦੇ ਮੁੱਢਾਂ ਦੀ ਕੋਈ ਖਾਸ ਸਮੱਸਿਆ ਨਾ ਹੋਵੇ ਤਾਂ ਆਲੂ ਦੀ ਫਸਲ ਮਾਮੂਲੀ ਵਹਾਈ ਨਾਲ ਵੀ ਬੀਜੀ ਜਾ ਸਕਦੀ ਹੈ ਅਤੇ ਜ਼ਮੀਨ ਤਿਆਰ ਹੋਣ ਉਪਰੰਤ 20 ਟਨ ਗੋਹੇ ਦੀ ਰੂੜੀ ਬਿਜਾਈ ਤੋਂ ਪਹਿਲਾਂ ਹੀ ਪਾ ਦਿਓ। ਵੱਟਾਂ ਵਿਚਕਾਰ 67.5 ਸੈਂਟੀਮੀਟਰ ਦੀ ਦੂਰੀ ਹੋਣੀ ਚਾਹੀਦੀ ਹੈ।

ਬੀਜ ਨੂੰ ਕੋਲਡ ਸਟੋਰ ਵਿੱਚੋਂ ਕੱਢ ਕੇ 8-10 ਦਿਨ ਲਈ ਕਿਸੇ ਠੰਢੀ ਥਾਂ, ਜਿੱਥੇ ਸਿੱਧੀ ਧੁੱਪ ਨਾ ਪੈਂਦੀ ਹੋਵੇ ਤੇ ਖਿਲਾਰ ਦਿਓ ਜਾਂ ਪੱਖੇ ਦੀ ਹਵਾ ਨਾਲ ਸੁਕਾ ਲਵੋ। ਅਜਿਹਾ ਕਰਨ ਨਾਲ ਫੁਟਾਰਾ ਸ਼ੁਰੂ ਹੋ ਜਾਂਦਾ ਹੈ ਤੇ ਫੋਟ ਵੀ ਨਰੋਈ ਹੁੰਦੀ ਹੈ। ਬੀਜ ਨੂੰ ਸਾਫ ਕਰਨ ਉਪਰੰਤ, ਸੋਧ ਕੇ ਸੁਕਾ ਲਿਆ ਜਾਵੇ। ਆਲੂਆਂ ਦੀ ਖਰੀਂਢ ਰੋਗ ਤੋਂ ਰੋਕਥਾਮ ਲਈ ਮੋਨਸਰਨ 2.5 ਮਿ.ਲਿ. ਪ੍ਰਤੀ ਲੀਟਰ ਪਾਣੀ ਜਾਂ ਇਮੈਸਟੋ ਪ੍ਰਾਇਮ 83 ਮਿ.ਲਿ. ਪ੍ਰਤੀ ਲੀਟਰ ਪਾਣੀ ਦੇ ਘੋਲ ਵਿੱਚ ਬਿਜਾਈ ਤੋਂ ਪਹਿਲਾਂ 10 ਮਿੰਟਾਂ ਲਈ ਡੁਬੋ ਕੇ ਸੋਧ ਲਵੋ।

### ਬਿਜਾਈ ਅਤੇ ਫਸਲ ਦੀ ਦੇਖ-ਰੇਖ

ਬਿਜਾਈ ਲਈ ਪ੍ਰਤੀ ਏਕੜ 40-50 ਗ੍ਰਾਮ ਭਾਰ ਵਾਲੇ 13-18 ਕੁਇੰਟਲ ਆਲੂ ਲੋੜੀਂਦੀ ਹਨ। ਆਲੂ ਦੀ ਬਿਜਾਈ ਅਕਤੂਬਰ ਦੇ ਪਹਿਲੇ ਪੰਦਰਵਾੜੇ ਤੱਕ ਹੋ ਜਾਣੀ ਚਾਹੀਦੀ ਹੈ। ਬਿਜਾਈ ਕਰਨ ਸਮੇਂ ਪਹਿਲਾਂ ਨਿਸ਼ਾਨ ਲਾ ਕੇ ਆਲੂ ਕੇਰ ਦਿਉ ਅਤੇ ਫਿਰ ਵੱਟਾਂ ਵਾਲੀ ਮਸ਼ੀਨ ਨਾਲ ਵੱਟਾਂ ਪਾ ਲਉ। ਜੇਕਰ ਬੀਜ ਵਾਲੀ ਫਸਲ ਲਈ ਆਲੂ ਸੰਘਣਾ ਬੀਜਿਆ ਜਾਵੇ ਤਾਂ ਬੀਜ ਲਈ ਢੁੱਕਵੇਂ ਆਕਾਰ ਦੇ ਆਲੂ ਵਧੇਰੇ ਪ੍ਰਾਪਤ ਹੁੰਦੇ ਹਨ। ਮਲਚਿੰਗ ਕਰਨ ਨਾਲ ਫਸਲ ਨੂੰ ਨਦੀਨ, ਠੰਡ, ਗਰਮੀ ਅਤੇ ਸੋਕੇ ਤੋਂ ਬਚਾਇਆ ਜਾ ਸਕਦਾ ਹੈ। ਇਸ ਵਿਚ ਜਿੱਥੇ ਝੋਨੇ ਦੀ ਪਰਾਲੀ (25 ਕੁਇੰਟਲ ਪ੍ਰਤੀ ਏਕੜ) ਨਾਲ ਮਲਚਿੰਗ ਕਰਨ ਨਾਲ ਆਲੂ ਦੇ ਝਾੜ ਵਿਚ ਵਾਧਾ ਹੁੰਦਾ ਹੈ, ਉੱਥੇ 18 ਕਿਲੋ ਨਾਈਟ੍ਰੋਜਨ ਅਤੇ ਦੋ ਪਾਣੀਆਂ ਦੀ ਵੀ ਬੱਚਤ ਹੁੰਦੀ ਹੈ। ਜੇ ਮਲਚਿੰਗ ਨਹੀਂ ਕੀਤੀ ਹੈ, ਤਾਂ ਨਦੀਨਾਂ ਦੀ ਰੋਕਥਾਮ ਲਈ ਸੈਨਕੋਰ/ਤਨੋਸ਼ੀ 70 ਡਬਲਯੂ ਪੀ (ਮੈਟਰੀਬਿਊਜਿਨ) ਨਦੀਨ ਨਾਸ਼ਕ ਦੀ 200 ਗ੍ਰਾਮ/ਏਕੜ ਦੇ ਹਿਸਾਬ ਨਾਲ ਨਦੀਨਾਂ ਦੇ ਜੰਮ ਤੋਂ ਪਹਿਲਾਂ ਅਤੇ ਪਹਿਲੇ ਪਾਣੀ ਤੋਂ ਬਾਅਦ ਵਰਤੋਂ ਕਰ ਲੈਣੀ ਚਾਹੀਦੀ ਹੈ, ਜੇਕਰ ਫੇਰ ਵੀ ਨਦੀਨ ਜੰਮ ਪੈਣ ਤਾਂ ਗਰੈਮੋਕਸੋਨ / ਕਬੂਟੋ 24 ਤਾਕਤ (ਪੈਰਾਕੁਐਟ) ਨਦੀਨ ਨਾਸ਼ਕ ਦੀ 500-750 ਮਿਲੀਲਿਟਰ ਮਿਕਦਾਰ ਪ੍ਰਤੀ ਏਕੜ ਦੇ ਹਿਸਾਬ ਨਾਲ ਆਲੂਆਂ ਦਾ ਜੰਮ 5-10 ਪ੍ਰਤੀਸ਼ਤ ਹੋਣ ਤੇ ਕੀਤੀ ਜਾ ਸਕਦੀ ਹੈ।

ਆਲੂ ਦੀ ਫਸਲ ਨੂੰ 75 ਕਿਲੋ ਨਾਈਟ੍ਰੋਜਨ, 25 ਕਿਲੋ ਫਾਸਫੋਰਸ ਅਤੇ 25 ਕਿਲੋ ਪੋਟਾਸ਼ ਖਾਦਾਂ ਦੀ ਸਿਫਾਰਿਸ਼ ਕੀਤੀ ਗਈ ਹੈ। ਸਾਰੀ ਫਾਸਫੋਰਸ, ਸਾਰੀ ਪੋਟਾਸ਼ ਅਤੇ ਅੱਧੀ ਨਾਈਟ੍ਰੋਜਨ ਬਿਜਾਈ ਵੇਲੇ ਅਤੇ ਬਾਕੀ ਨਾਈਟ੍ਰੋਜਨ ਮਿੱਟੀ ਚਾੜ੍ਹਨ ਸਮੇਂ ਪਾ ਦਿਓ। ਮਿੱਟੀ ਪਰਖ ਰਿਪੋਰਟ ਅਨੁਸਾਰ ਖਾਦਾਂ ਦੀ ਮਾਤਰਾ ਵਧਾਈ ਜਾਂ ਘਟਾਈ ਜਾ ਸਕਦੀ ਹੈ।

ਜ਼ਮੀਨ ਦੀ ਨਮੀਂ ਨੂੰ ਵੇਖਦੇ ਹੋਏ, ਪਹਿਲਾ ਪਾਣੀ ਬਿਜਾਈ ਤੋਂ ਤੁਰੰਤ ਬਾਅਦ ਲਾਓ ਜਿਸ ਨਾਲ ਫਸਲ ਠੀਕ ਉੱਗਦੀ ਹੈ। ਆਲੂ ਦੀ ਫਸਲ ਲਈ ਕੁੱਲ 7-8 ਸਿੰਚਾਈਆਂ ਕਾਫੀ ਹੁੰਦੀਆਂ ਹਨ। ਦਸੰਬਰ ਦੇ ਅੱਧ ਤੋਂ ਬਾਅਦ ਪਾਣੀ ਬਿਲਕੁਲ ਬੰਦ ਕਰ ਦਿਓ।

ਬੀਜ ਵਾਲੀ ਫਸਲ ਦਾ ਬਿਜਾਈ ਤੋਂ 50, 65 ਅਤੇ 80 ਦਿਨਾਂ ਬਾਅਦ ਨਿਰੀਖਣ ਕਰਨਾ ਚਾਹੀਦਾ ਹੈ ਅਤੇ ਕਿਸੇ ਵੀ ਤਰ੍ਹਾਂ ਦੇ ਖਰਾਬ ਜਾਂ ਬਿਮਾਰੀ ਵਾਲੇ ਪੌਦੇ ਨੂੰ ਪੁੱਟ ਕੇ ਨਸ਼ਟ ਕਰ ਦਿਓ। ਆਲੂ ਵਿਚ ਵਿਸ਼ਾਣੂੰ ਰੋਗ ਬਹੁਤ ਵੱਡੀ ਸਮੱਸਿਆ ਹੈ, ਜਿਨ੍ਹਾਂ ਨੂੰ ਫੈਲਾਉਣ ਵਿਚ ਰਸ ਚੂਸਣ ਵਾਲੇ ਕੀੜਿਆਂ ਦਾ ਮੁੱਖ ਯੋਗਦਾਨ ਹੈ। ਇਸ ਤੋਂ ਇਲਾਵਾ ਪਿਛੇਤਾ ਝੁਲਸ ਰੋਗ, ਆਲੂ ਦੀ ਪ੍ਰਮੁੱਖ ਬਿਮਾਰੀ ਹੈ। ਕੀੜਿਆਂ ਅਤੇ ਬਿਮਾਰੀਆਂ ਦੀ ਰੋਕਥਾਮ ਲਈ ਯੂਨੀਵਰਸਿਟੀ ਦੀਆਂ ਸਿਫਾਰਿਸ਼ ਕੀਤੀਆਂ ਦਵਾਈਆਂ ਅਤੇ ਢੰਗ ਤਰੀਕੇ ਹੀ ਵਰਤਣੇ ਚਾਹੀਦੇ ਹਨ।

### ਪੁਟਾਈ ਅਤੇ ਸੰਭਾਲ

ਵੇਲਾਂ ਕੱਟਣ ਤੋਂ 15-20 ਦਿਨਾਂ ਬਾਅਦ ਹੀ ਆਲੂ ਪੁੱਟੋ ਤਾਂ ਜੋ ਆਲੂਆਂ ਦੀ ਚਮੜੀ ਮੋਟੀ ਹੋ ਜਾਵੇ। ਜੇਕਰ ਆਲੂ ਦਾ ਭੰਡਾਰ ਕਰਨਾ ਹੋਵੇ ਤਾਂ ਉਹਨਾਂ ਨੂੰ ਕੁੱਝ ਦਿਨ ਹੋਰ ਮਿੱਟੀ ਵਿਚ ਦੱਬੇ ਰਹਿਣ ਦਿਓ। ਇਸ ਤਰ੍ਹਾਂ ਕਰਨ ਨਾਲ ਆਲੂਆਂ ਦੀ ਚਮੜੀ ਮੋਟੀ ਹੋ ਜਾਵੇਗੀ ਜਿਸ ਨਾਲ ਆਲੂ ਸੁੰਗੜਨ ਦੀ ਸਮੱਸਿਆ ਨਹੀਂ ਆਵੇਗੀ ਅਤੇ ਭੰਡਾਰਨ ਦੌਰਾਨ ਬਿਮਾਰੀ ਤੋਂ ਵੀ ਬਚਾਅ ਹੋਵੇਗਾ। ਪਰ ਆਲੂਆਂ ਨੂੰ ਜ਼ਿਆਦਾ ਦੇਰ ਵੀ ਮਿੱਟੀ ਵਿਚ ਛੱਡਣਾ ਠੀਕ ਨਹੀਂ ਕਿਉਂਕਿ ਇਸ ਨਾਲ ਖਰੀਂਢ ਰੋਗ ਦਾ ਖਤਰਾ ਵਧ ਜਾਂਦਾ ਹੈ। ਪੁਟਾਈ ਤੋਂ ਬਾਅਦ 15-20 ਦਿਨ ਆਲੂਆਂ ਨੂੰ ਢੇਰ ਲਾ ਕੇ ਛਾਵੇਂ ਠੰਡੀ ਜਗ੍ਹਾ ਤੇ ਰੱਖ ਦਿਓ। ਆਲੂ ਦੀ ਪੁਟਾਈ ਲਈ ਖੁਰਪੇ/ਹਲ ਜਾਂ ਆਲੂ ਪੁੱਟਣ ਵਾਲੀ ਮਸ਼ੀਨ ਦੀ ਵਰਤੋਂ ਕਰ ਸਕਦੇ ਹਾਂ। ਪੁਟਾਈ ਉਪਰੰਤ ਆਲੂ ਦੀ ਸਹੀ ਤਰੀਕੇ ਨਾਲ ਸੰਭਾਲ, ਸਫਾਈ, ਦਰਜਾਬੰਦੀ (ਗ੍ਰੇਡਿੰਗ), ਪੈਕਿੰਗ, ਭੰਡਾਰਨ ਆਦਿ ਬਹੁਤ ਮਹੱਤਵਪੂਰਨ ਹੈ। ਬੀਜ ਵਾਲੇ ਆਲੂਆਂ ਨੂੰ ਗ੍ਰੇਡਿੰਗ ਕਰਨ ਤੋਂ ਬਾਅਦ ਲੀਨੋ ਬੋਰੀ (ਪੋਲੀਪ੍ਰੋਪਲੀਨ) ਵਿਚ ਪੈਕ ਕਰਕੇ 2-4 ਡਿਗਰੀ ਸੈਂਟੀਗ੍ਰੇਡ ਤਾਪਮਾਨ ਅਤੇ 75-80% ਨਮੀਂ ਵਾਲੇ ਕੋਲਡ ਸਟੋਰ ਵਿਚ ਰੱਖ ਦੇਣਾ ਚਾਹੀਦਾ ਹੈ।



# ਝੋਨੇ ਵਿਚ ਤਣੇ ਦੁਆਲੇ ਪੱਤੇ ਦੇ ਝੁਲਸ ਰੋਗ ਅਤੇ ਝੂਠੀ ਕਾਂਗਿਆਰੀ ਤੋਂ ਬਚਾਓ

ਜਯੋਤੀ ਜੈਨ, ਅਮਰਜੀਤ ਸਿੰਘ ਅਤੇ ਜਗਜੀਤ ਸਿੰਘ ਲੋਰੇ, ਮੋ. 94637-47280

## ਤਣੇ ਦੁਆਲੇ ਪੱਤੇ ਦੇ ਝੁਲਸ ਰੋਗ

ਇਹ ਬਿਮਾਰੀ ਆਮ ਤੌਰ ਤੇ ਗੋਭ ਦੇ ਸਮੇਂ ਵੇਖੀ ਜਾ ਸਕਦੀ ਹੈ ਅਤੇ ਚਲ ਰਿਹਾ ਮੌਸਮ ਇਸ ਬਿਮਾਰੀ ਲਈ ਅਨੁਕੂਲ ਹੈ ।

**ਨਿਸ਼ਾਨੀਆਂ** : ਇਸ ਬਿਮਾਰੀ ਨਾਲ ਪੱਤੇ ਉੱਪਰ ਸਲੇਟੀ ਰੰਗ ਦੇ ਚੱਟਾਖ, ਜਿਨ੍ਹਾਂ ਦੇ ਸਿਰੇ ਜਾਮਨੀ ਹੁੰਦੇ ਹਨ, ਪਾਣੀ ਦੀ ਸਤਹਿ ਤੋਂ ਉੱਪਰ ਪੈ ਜਾਂਦੇ ਹਨ । ਇਹ ਚੱਟਾਖ ਉੱਪਰ ਵੱਲ ਨੂੰ ਵੱਧਦੇ ਜਾਂਦੇ ਹਨ ਅਤੇ ਬਾਅਦ ਵਿਚ ਇਕ ਦੂਜੇ ਨਾਲ ਮਿਲ ਕੇ ਕਾਫੀ ਵੱਡੇ ਹੋ ਜਾਂਦੇ ਹਨ । ਇਸ ਬਿਮਾਰੀ ਨਾਲ ਬੂਟਿਆਂ ਦਾ ਵਾਧਾ ਰੁੱਕ ਜਾਂਦਾ ਹੈ ਅਤੇ ਗੰਭੀਰ ਹਾਲਾਤਾਂ ਵਿਚ ਮੁੰਜਰਾਂ ਵਿਚ ਪੂਰੇ ਦਾਣੇ ਨਹੀਂ ਬਣਦੇ ਅਤੇ ਝਾੜ ਘੱਟ ਜਾਂਦਾ ਹੈ ।

**ਰੋਕਥਾਮ** : ਉੱਲੀਨਾਸ਼ਕ ਦਵਾਈਆਂ ਤੋਂ ਇਲਾਵਾ ਇਸ ਬਿਮਾਰੀ ਦੀ ਰੋਕਥਾਮ ਵੱਟਾਂ ਨੂੰ ਨਦੀਨਾਂ ਜਿਵੇਂ ਕਿ ਖੱਬਲ ਘਾਹ ਅਤੇ ਸਵਾਂਕ ਤੋਂ ਰਹਿਤ ਰੱਖਕੇ ਅਤੇ ਨਾਈਟ੍ਰੋਜਨ ਖਾਦਾਂ ਦੀ ਲੋੜ ਅਨੁਸਾਰ ਵਰਤੋਂ ਕਰਕੇ ਵੀ ਕੀਤੀ ਜਾ ਸਕਦੀ ਹੈ ।

ਗੰਭੀਰ ਹਾਲਾਤਾਂ ਵਿਚ ਇਸ ਰੋਗ ਨੂੰ ਰੋਕਣ ਲਈ, ਬੂਟੇ ਦੇ ਜਾੜ ਮਾਰਨ ਸਮੇਂ, ਜਿਉਂ ਹੀ ਬਿਮਾਰੀ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ 150 ਮਿਲੀਲਿਟਰ ਇਗਲੇਅਰ/ਪਲਸਰ 24 ਐਸ ਸੀ(ਥਾਈਫਲੂਜਾਮਾਈਡ) ਜਾਂ 26.8 ਗ੍ਰਾਮ ਐਪਿਕ 75 ਡਬਲਯੂ ਜੀ (ਹੈਕਸਾਕੋਨਾਜ਼ੋਲ) ਜਾਂ 400 ਮਿਲੀਲਿਟਰ ਗਲੀਲਿਓ ਵੇਅ 18.76 ਐੱਸ ਸੀ (ਪਿਕੋਕਸੀਸਟ੍ਰੋਬਿਨ + ਪ੍ਰੋਪੀਕੋਨਾਜ਼ੋਲ) ਜਾਂ 200 ਮਿਲੀਲਿਟਰ ਐਮੀਸਟਾਰ ਟੋਪ 325 ਐਸ ਸੀ ਜਾਂ ਟਿਲਟ/ਬੰਪਰ/ਪੀਕਾਪੀਕਾ 25 ਈ ਸੀ (ਪ੍ਰੋਪੀਕੋਨਾਜ਼ੋਲ) ਜਾਂ ਫੋਲੀਕਰ/ਓਰੀਅਸ 25 ਈ ਸੀ (ਟੈਬੂਕੋਨਾਜੋਲ) ਜਾਂ 80 ਗ੍ਰਾਮ ਨਟੀਵੋ 75 ਡਬਲਯੂ ਜੀ (ਟ੍ਰਾਈਫਲੋਕਸੀਸਟ੍ਰੋਬਿਨ + ਟੈਬੂਕੋਨਾਜੋਲ) ਜਾਂ 320 ਮਿਲੀਲਿਟਰ ਲਸਚਰ 37.5 ਐੱਸ ਈ (ਫਲੂਜੀਲਾਜੋਲ + ਕਾਰਬੈਂਡਾਜ਼ਿਮ) ਜਾਂ 200 ਮਿਲੀਲਿਟਰ ਮੋਨਸਰਨ 250 ਐੱਸ ਸੀ (ਪੈਨਸਾਈਕੂਰੋਨ) ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਬਿਮਾਰੀ ਤੇ ਚੰਗੀ ਤਰ੍ਹਾਂ ਕਾਬੂ ਪਾਉਣ ਲਈ ਛਿੜਕਾਅ ਬੂਟਿਆਂ ਦੇ ਮੁੱਢਾਂ ਵੱਲ ਰੱਖ ਕੇ ਕਰੋ । ਦੂਜਾ ਛਿੜਕਾਅ 15 ਦਿਨ ਦੇ ਵਕਫੇ ਤੇ ਕਰੋ ।

## ਝੂਠੀ ਕਾਂਗਿਆਰੀ

ਕਿਸਾਨ ਆਮ ਤੌਰ 'ਤੇ ਇਸ ਬਿਮਾਰੀ ਨੂੰ ਹਲਦੀ ਰੋਗ ਦੇ ਨਾਂ ਨਾਲ ਜਾਣਦੇ ਹਨ ਕਿਉਂਕਿ ਇਸ ਨਾਲ ਮੁੰਜਰਾਂ ਵਿਚ ਦਾਣੇ ਬਣਨ ਸਮੇਂ ਕੁਝ ਦਾਣਿਆਂ ਦੀ ਥਾਂ ਤੇ ਪੀਲੇ ਰੰਗ ਦੀਆਂ ਗੋਲੀਆਂ ਬਣ ਜਾਂਦੀਆਂ ਹਨ । ਇਸ ਬਿਮਾਰੀ ਦਾ ਹਮਲਾ ਬੂਟਿਆਂ ਵਿਚ ਗੋਭ ਬਣਨ ਦੇ ਸਮੇਂ ਤੋਂ ਫੁੱਲ ਪੈਣ ਦੇ ਸਮੇਂ ਵਿਚਕਾਰ ਹੁੰਦਾ ਹੈ । ਫੁੱਲ ਪੈਣ ਸਮੇਂ ਹਵਾ ਵਿਚ ਵਧੇਰੇ ਨਮੀਂ ਦੀ ਮਾਤਰਾ, ਬੱਦਲਵਾਈ ਅਤੇ ਹਲਕੀ ਬਾਰਿਸ਼, ਇਸ ਬਿਮਾਰੀ ਲਈ ਬਹੁਤ ਅਨੁਕੂਲ ਹਾਲਾਤ ਹਨ ।

**ਨਿਸ਼ਾਨੀਆਂ** : ਗੋਲੀਆਂ ਦਾ ਰੰਗ ਪਹਿਲਾਂ ਹਲਕਾ ਪੀਲਾ ਹੁੰਦਾ ਹੈ ਅਤੇ ਬਾਅਦ ਵਿਚ ਸੰਤਰੀ ਅਤੇ ਅਖੀਰ ਵਿਚ ਗੂੜਾ ਹਰਾ ਜਾਂ ਕਾਲਾ ਹੋ ਜਾਂਦਾ ਹੈ । ਇਸ ਬਿਮਾਰੀ ਨਾਲ ਝੋਨੇ ਦੀ ਫਸਲ ਵਿਚ 17 ਪ੍ਰਤੀਸ਼ਤ ਤੱਕ ਝਾੜ ਵਿਚ ਘਾਟਾ ਰਿਕਾਰਡ ਕੀਤਾ ਗਿਆ ਹੈ । ਝੂਠੀ ਕਾਂਗਿਆਰੀ ਕਰਕੇ ਦਾਣਿਆਂ ਦਾ ਭਾਰ ਅਤੇ ਪੁੰਗਰਨ ਦੀ ਸ਼ਕਤੀ ਘੱਟਦੀ ਹੈ । ਰੂੜੀ ਅਤੇ ਨਾਈਟ੍ਰੋਜਨ ਵਾਲੀਆਂ ਖਾਦਾਂ ਦੀ ਬਹੁਤੀ ਵਰਤੋਂ ਕਰਕੇ ਵੀ ਇਸ ਬਿਮਾਰੀ ਦਾ ਵਾਧਾ ਬਹੁਤ ਹੁੰਦਾ ਹੈ ।

**ਰੋਕਥਾਮ** : ਇਸ ਬਿਮਾਰੀ ਤੇ ਕਾਬੂ ਪਾਉਣ ਲਈ ਜਦੋਂ ਫਸਲ ਗੋਭ ਵਿਚ ਹੋਵੇ, 400 ਮਿਲੀਲਿਟਰ ਗਲੀਲਿਓ ਵੇਅ 18.76 ਐੱਸ ਸੀ (ਪਿਕੋਕਸੀ ਸਟ੍ਰੋਬਿਨ + ਪ੍ਰੋਪੀਕੋਨਾਜ਼ੋਲ) ਜਾਂ 500 ਗ੍ਰਾਮ ਕੋਸਾਈਡ 46 ਡੀ ਐਫ (ਕਾਪਰ ਹਾਈਡਰੋਆਕਸਾਈਡ) ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 42 ਅੰਕ 34**
**ਮਿਤੀ 24-08-2024**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher JAGPREET SINGH
Printed at Vargenia Printers, Sher-e-Punjab Market, Gaushala Road, PATIALA &
Published at Patiala for Prop. JAGPREET SINGH


# ਆਓ! ਪੰਜਾਬ ਬਚਾਈਏ, ਪੌਦੇ ਲਾਈਏ

**ਤਰਲੋਚਨ ਸਿੰਘ ਭੱਟੀ**, ਸਾਬਕਾ ਪੀ ਸੀ ਐਸ ਅਧਿਕਾਰੀ, ਮੋਬਾਈਲ 98765-02607

ਪੰਜਾਬ, ਪੰਜ ਦਰਿਆਵਾਂ ਵਾਲੀ ਧਰਤੀ, 50362 ਵਰਗ ਕਿਲੋਮੀਟਰ ਦੇ ਭੂਗੋਲਿਕ ਖੇਤਰ ਵਾਲਾ ਭਾਰਤ ਦੇ ਛੋਟੇ ਰਾਜਾਂ ਵਿਚੋਂ ਇਕ ਹੈ ਅਤੇ 23 ਜ਼ਿਲ੍ਹੇ, 12,858 ਪਿੰਡ, 234 ਸ਼ਹਿਰੀ/ਕਸਬਿਆਂ ਵਾਲਾ ਰਾਜ ਹੈ ਜਿਸ ਵਿਚ ਜੰਗਲਾਂ ਅਧੀਨ ਰਸਮੀ ਤੌਰ 'ਤੇ 3058 ਵਰਗ ਕਿਲੋਮੀਟਰ ਜਾਂ ਕੁਲ ਭੂਗੋਲਿਕ ਖੇਤਰ ਦਾ ਲਗਭਗ 6.1% ਰਕਬਾ ਹੈ। ਇਸ ਵਿਚ ਲਗਭਗ ਅੱਧੇ ਜੰਗਲੀ ਖੇਤਰ ਰਾਖਵੇਂ ਸੁਰੱਖਿਅਤ ਜੰਗਲ ਵਜੋਂ ਸੂਚੀਬੱਧ ਹਨ।

ਮੁੱਖ ਤੌਰ 'ਤੇ ਪੰਜਾਬ ਵਿਚ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ(ਪੰਜਾਬ ਸਰਕਾਰ) ਪੰਜਾਬ ਵਿਚ ਪੌਦੇ ਲਗਾਉਣ, ਜੰਗਲਾਂ ਅਤੇ ਜੰਗਲੀ ਜੀਵਾਂ ਦੀ ਸੁਰੱਖਿਆ ਲਈ ਜ਼ਿੰਮੇਵਾਰ ਹੈ। ਇਸ ਦੇ ਦੋ ਵਿੰਗ ਹਨ-ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ। ਜਿੱਥੋਂ ਤੱਕ ਜੰਗਲਾਂ ਦਾ ਸਬੰਧ ਹੈ, ਜੰਗਲਾਤ ਵਿੰਗ ਪੰਜਾਬ ਲੈਂਡ ਪ੍ਰੀਜ਼ਰਵੇਸ਼ਨ ਐਕਟ 1900 ਨੂੰ ਲਾਗੂ ਕਰ ਕੇ ਪੰਜਾਬ ਰਾਜ ਵਿਚ ਜੰਗਲੀ ਖੇਤਰਾਂ ਦੀ ਸੁਰੱਖਿਆ ਲਈ ਜ਼ਿੰਮੇਵਾਰ ਹੈ।

ਇੰਡੀਅਨ ਫਾਰੈਸਟ ਐਕਟ 1927, ਜੰਗਲਾਤ ਸੰਭਾਲ ਐਕਟ 1980 ਤੇ ਹੋਰ ਐਕਟ ਅਤੇ ਨਿਯਮਾਂ ਨੂੰ ਲਾਗੂ ਕਰਨਾ ਜੰਗਲਾਤ ਵਿੰਗ ਦੇ ਅਧੀਨ ਹੈ। ਸੂਚੀਬੱਧ ਰਾਖਵੇਂ ਸੁਰੱਖਿਅਤ ਜੰਗਲ ਤੋਂ ਇਲਾਵਾ ਬਾਕੀ ਬਚੇ ਜੰਗਲਾਤ ਦਾ ਪ੍ਰਬੰਧਨ ਪੰਜਾਬ ਭੂਮੀ ਸੁਰੱਖਿਆ ਐਕਟਰ 1900 ਅਧੀਨ ਕੀਤਾ ਜਾਂਦਾ ਹੈ। ਜੰਗਲੀ ਜੀਵ ਵਿੰਗ ਜੰਗਲੀ ਜੀਵਾਂ ਦੀ ਸੁਰੱਖਿਆ, ਸੰਭਾਲ ਅਤੇ ਪ੍ਰਬੰਧਨ ਲਈ ਜ਼ਿੰਮੇਵਾਰ ਹੈ। ਸੁਰੱਖਿਆ ਕਾਰਜਾਂ ਵਿਚ ਜੰਗਲੀ ਜੀਵਾਂ ਪ੍ਰਤੀ ਅਪਰਾਧਾਂ ਦਾ ਪਤਾ ਲਗਾਉਣਾ, ਅਦਾਲਤਾਂ ਵਿਚ ਉਨ੍ਹਾਂ ਦੇ ਮੁਕੱਦਮੇ ਚਲਾਉਣਾ ਅਤੇ ਜੰਗਲੀ ਜੀਵ ਸੁਰੱਖਿਆ ਐਕਟ 1972 ਨੂੰ ਲਾਗੂ ਕਰਨਾ ਸ਼ਾਮਲ ਹੈ। ਜੰਗਲੀ ਜੀਵ ਸੁਰੱਖਿਆ ਦੇ ਨਾਲ-ਨਾਲ ਜੀਵਾਂ ਦੇ ਕੁਦਰਤੀ ਨਿਵਾਸ ਅਸਥਾਨਾਂ, ਚਿੜੀਆਘਰਾਂ ਅਤੇ ਮਿੰਨੀ ਚਿੜੀਆਘਰਾਂ ਦੇ ਪ੍ਰਬੰਧਨ ਦੇ ਨਾਲ-ਨਾਲ ਪੰਛੀਆਂ ਅਤੇ ਜਾਨਵਰਾਂ ਦੀਆਂ ਦੁਰਲੱਭ ਅਤੇ ਖਤਰੇ ਵਾਲੀਆਂ ਕਿਸਮਾਂ ਦੀ ਸੁਰੱਖਿਆ ਵੀ ਸ਼ਾਮਲ ਹੈ।

ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੀ ਮੁੱਖ ਜ਼ਿੰਮੇਵਾਰੀ ਪੰਜਾਬ ਵਿਚ ਪੌਦੇ ਲਗਾਉਣ ਲਈ ਸਿਹਤਮੰਦ ਅਤੇ ਚੰਗੀਆਂ ਕਿਸਮਾਂ ਦੇ ਪੌਦੇ ਲਗਾਉਣ ਲਈ ਵਾਜਬ ਕੀਮਤਾਂ 'ਤੇ ਆਮ ਲੋਕਾਂ ਅਤੇ ਸੰਸਥਾਵਾਂ ਨੂੰ ਆਪਣੀਆਂ ਨਰਸਰੀਆਂ ਤੋਂ ਬੂਟੇ ਉਪਲਬਧ ਕਰਵਾਉਣਾ ਹੈ। ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਬਾਰੇ ਵੇਰਵਾ ਦੇਣ ਤੋਂ ਸਾਡਾ ਮਕਸਦ ਇਸ ਵਿਭਾਗ (ਪੰਜਾਬ ਸਰਕਾਰ) ਦੀਆਂ ਜ਼ਿੰਮੇਵਾਰੀਆਂ ਬਾਰੇ ਪੰਜਾਬ ਵਿਚ ਪੌਦੇ ਲਗਾਉਣ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਬਾਰੇ ਪੰਜਾਬ ਦੇ ਲੋਕਾਂ ਨੂੰ ਜਾਗਰੂਕ ਕਰਨਾ ਹੈ। ਜ਼ਿਕਰਯੋਗ ਹੈ ਕਿ ਭਾਰਤ ਦੇ ਸੰਵਿਧਾਨ ਦੇ ਭਾਗ 4 (ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ) ਦੇ ਆਰਟੀਕਲ 48 (ੳ) ਰਾਹੀਂ ਵਿਵਸਥਾ ਕੀਤੀ ਗਈ ਹੈ ਕਿ ਰਾਜ, ਦੇਸ਼ ਦੇ ਵਾਤਾਵਰਨ ਦੀ ਹਿਫਾਜ਼ਤ, ਬਿਹਤਰੀ, ਜੰਗਲਾਂ ਅਤੇ ਜੰਗਲੀ ਜੀਵ ਸੁਰੱਖਿਆ ਲਈ ਉੱਦਮ ਕਰੇਗਾ।



ਇਸ ਤਰ੍ਹਾਂ ਸੰਵਿਧਾਨ ਦੇ ਭਾਗ ਚਾਰ (ੳ) (ਮੂਲ ਕਰਤੱਵਾਂ) ਆਰਟੀਕਲ ਨੰ. 51 ੳ ਰਾਹੀਂ ਭਾਰਤ ਦੇ ਹਰੇਕ ਨਾਗਰਿਕ ਦੀਆਂ ਹੋਰ ਮੁੱਢਲੀਆਂ ਜ਼ਿੰਮੇਵਾਰੀਆਂ ਦੇ ਨਾਲ-ਨਾਲ ਇਹ ਵੀ ਜ਼ਿੰਮੇਵਾਰੀ ਹੈ ਕਿ ਉਹ ਕੁਦਰਤੀ ਵਾਤਾਵਰਨ ਦੀ, ਜਿਸ 'ਚ ਜੰਗਲ, ਝੀਲਾਂ, ਦਰਿਆ ਤੇ ਜੰਗਲੀ ਜੀਵਨ ਸ਼ਾਮਲ ਹੈ, ਦੀ ਰੱਖਿਆ ਤੇ ਬਿਹਤਰੀ ਕਰਨ ਦੇ ਨਾਲ-ਨਾਲ ਜੀਵ-ਜੰਤੂਆਂ ਉੱਤੇ ਦਇਆ ਕਰੇਗਾ।

ਸੰਵਿਧਾਨ ਵਿਚ ਦਰਸਾਏ ਗਏ ਕੇਂਦਰੀ ਅਤੇ ਰਾਜ ਸਰਕਾਰਾਂ ਨੂੰ ਦਿੱਤੇ ਗਏ ਸੰਵਿਧਾਨਿਕ ਨਿਰਦੇਸ਼ ਅਤੇ ਭਾਰਤ ਦੇ ਹਰੇਕ ਨਾਗਰਿਕ ਲਈ ਰੁੱਖਾਂ, ਜੰਗਲਾਂ, ਝੀਲਾਂ, ਦਰਿਆਵਾਂ ਆਦਿ ਦੀ ਸੰਭਾਲ ਕਰਨੀ ਸਰਕਾਰਾਂ ਅਤੇ ਨਾਗਰਿਕਾਂ ਦੀਆਂ ਇਖਲਾਕੀ ਜ਼ਿੰਮੇਵਾਰੀਆਂ ਹਨ ਜਿਨ੍ਹਾਂ ਨੂੰ ਅਦਾਲਤਾਂ ਦੇ ਹੁਕਮਾਂ ਰਾਹੀਂ ਲਾਗੂ ਨਹੀਂ ਕਰਵਾਇਆ ਜਾ ਸਕਦਾ। ਰੁੱਖਾਂ, ਜੰਗਲਾਂ ਅਤੇ ਜੰਗਲੀ ਜੀਵਾਂ ਦੀ ਸੰਭਾਲ ਲਈ ਸਰਕਾਰਾਂ ਅਤੇ ਲੋਕਾਂ ਨੂੰ ਢੁੱਕਵੀਂ ਲੋਕ ਰਾਇ ਅਤੇ ਸਮਾਜਿਕ ਦਬਾਅ ਬਣਾ ਕੇ ਪ੍ਰੇਰਿਤ ਕਰਨ ਦੇ ਨਾਲ-ਨਾਲ ਮਜ਼ਬੂਰ ਵੀ ਕੀਤਾ ਜਾ ਸਕਦਾ ਹੈ ਕਿ ਆਪੋ-ਆਪਣੇ ਖੇਤਰ ਵਿਚ ਨਵੇਂ ਪੌਦੇ ਲਗਾਉਣ ਅਤੇ ਲਗਾਏ ਗਏ ਪੌਦੇ, ਵਣਾਂ ਦੀ ਸਾਂਭ-ਸੰਭਾਲ ਜ਼ਰੂਰ ਕਰਨ।

ਇੰਟਰਨੈਸ਼ਨਲ ਪੈਨਲ ਆਨ ਕਲਾਈਮੇਟ ਚੇਂਜ ਦੀ 2018 ਦੀ ਰਿਪੋਰਟ ਅਨੁਸਾਰ ਜਲਵਾਯੂ ਤਬਦੀਲੀ ਨੂੰ ਰੋਕਣ ਲਈ ਸਭ ਤੋਂ ਵਧੀਆ ਅਤੇ ਆਸਾਨ ਤਰੀਕਾ ਪੌਦੇ ਲਗਾਉਣਾ ਅਤੇ ਜੰਗਲਾਤ ਦੇ ਖੇਤਰ ਨੂੰ ਵਧਾਉਣਾ ਹੈ।

ਨਵੇਂ ਪੌਦੇ ਲਗਾਉਣਾ ਅਤੇ ਪੁਰਾਣੇ ਲੱਗੇ ਰੁੱਖਾਂ ਦੀ ਸਾਂਭ-ਸੰਭਾਲ ਕਰਨ ਨਾਲ ਲੋਕਾਂ ਨੂੰ ਸਾਫ ਹਵਾ, ਸਾਫ ਪਾਣੀ, ਬੈਠਣ ਲਈ ਛਾਂ, ਗਰਮੀ ਤੋਂ ਰਾਹਤ, ਸਥਿਰ ਜਲਵਾਯੂ, ਜੈਵ ਵਿਭਿੰਨਤਾ, ਸਿਹਤ ਵਧਾਉਣਾ, ਸਥਾਨਕ ਭਾਈਚਾਰਾ ਅਤੇ ਉਸਾਰੂ ਸਮਾਜਿਕ ਪ੍ਰਭਾਵ ਪਾਉਣਾ, ਮਕਾਨ ਉਸਾਰੀ ਲਈ ਸਮੱਗਰੀ, ਖਾਣਾ ਪਕਾਉਣ ਲਈ ਬਾਲਣ ਆਦਿ ਉਪਲਬਧ ਕਰਵਾਉਣਾ ਹੈ।

ਹਰੇਕ ਸਾਲ ਬਰਸਾਤੀ ਮੌਸਮ ਸਮੇਂ (ਜੁਲਾਈ, ਅਗਸਤ ਤੇ ਸਤੰਬਰ ਦੌਰਾਨ) ਪੰਜਾਬ ਵਿਚ ਸਰਕਾਰੀ ਅਤੇ ਗੈਰ-ਸਰਕਾਰੀ ਪੱਧਰ 'ਤੇ ਵਿਅਕਤੀਗਤ ਅਤੇ ਸਮੂਹਿਕ ਤੌਰ 'ਤੇ ਵਣ ਉਤਸਵ ਮਨਾਉਂਦੇ ਹੋਏ ਬੂਟੇ ਇਸ ਆਸ ਅਤੇ ਮਕਸਦ ਨਾਲ ਲਗਾਏ ਜਾਂਦੇ ਹਨ ਕਿ ਇਹ ਵੱਡੇ ਹੋ ਕੇ ਰੁੱਖ ਬਣਨਗੇ ਜਿਨ੍ਹਾਂ ਦੀ ਛਾਂ ਹੇਠ ਲੋਕ ਆਪਣੇ ਵਿਹਲੇ ਸਮੇਂ ਦੌਰਾਨ ਸੱਥਾਂ ਲਗਾਉਣਗੇ। ਭਾਵੇਂ ਬੂਟੇ ਲਗਾਉਣੇ ਵਾਲੀਆਂ ਸੰਸਥਾਵਾਂ ਅਤੇ ਵਿਅਕਤੀ ਬੂਟੇ ਲਗਾਉਂਦੇ ਸਮੇਂ ਫੋਟੋ ਸੈਸ਼ਨ ਦੌਰਾਨ ਅੰਕੜੇ ਵੀ ਸਾਂਝੇ ਕਰਦੇ ਹਨ ਪਰ ਅਫਸੋਸ ਇਸ ਗੱਲ ਦਾ ਹੈ ਕਿ ਅਜੇ ਤੱਕ ਕੋਈ ਐਸਾ ਵਿਭਾਗ ਜਾਂ ਸੰਸਥਾ ਸਾਡੀ ਨਜ਼ਰ ਨਹੀਂ ਪਈ ਜਿਸ ਨੇ ਇਹ ਅਧਿਐਨ ਕੀਤਾ ਹੋਵੇ ਕਿ ਕਿਸੇ ਖੇਤਰ 'ਚ ਕਿਸੇ ਸੰਸਥਾ ਵੱਲੋਂ ਜਿਹੜੇ-ਜਿਹੜੇ ਬੂਟੇ ਲਗਾਏ ਗਏ ਹਨ, ਉਨ੍ਹਾਂ 'ਚੋਂ ਕਿੰਨੇ ਬੂਟੇ ਰੁੱਖ ਬਣ ਗਏ ਹਨ। ਸਾਲ 2024 ਦੇ ਬਰਸਾਤੀ ਸੀਜ਼ਨ ਦੌਰਾਨ ਦੀ ਬਹੁਤ ਸਾਰੇ ਵਿਭਾਗਾਂ ਅਤੇ ਸੰਸਥਾਵਾਂ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ ਉੱਤੇ ਬੂਟੇ ਲਗਾਉਂਦੇ ਸਮੇਂ ਦੀਆਂ ਤਸਵੀਰਾਂ ਤੇ ਅੰਕੜੇ ਜਾਰੀ ਕੀਤੇ ਹਨ।

ਮਸਲਨ, ਪੰਜਾਬ ਪੁਲਿਸ ਵੱਲੋਂ ਸੋਸ਼ਲ ਮੀਡੀਆ ਪੋਸਟਾਂ ਰਾਹੀਂ ਦੱਸਿਆ ਗਿਆ ਹੈ ਕਿ ਉਸ ਵੱਲੋਂ 12 ਜੁਲਾਈ 2024 ਨੂੰ ਪੌਦੇ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ ਜਿਸ ਅਧੀਨ ਆਰਮਡ ਬਟਾਲੀਅਨ, ਰੇਲਵੇ ਪੁਲਿਸ, ਜੇਲ੍ਹ ਵਿਭਾਗ, ਜ਼ਿਲ੍ਹਾ ਪੁਲਿਸ ਸਟੇਸ਼ਨਾਂ ਸਮੇਤ ਸਾਰੀਆਂ ਯੂਨਿਟਾਂ ਵੱਲੋਂ 10,000 ਤੋਂ ਵੱਧ ਪੌਦੇ ਲਗਾ ਕੇ ਪੂਰੇ ਉਤਸ਼ਾਹ ਨਾਲ ਭਾਗ ਲਿਆ ਗਿਆ। ਪੁਲਿਸ ਵੱਲੋਂ ਲਗਾਏ ਗਏ 10,000 ਬੂਟਿਆਂ ਵਿੱਚੋਂ ਕਿੰਨੇ ਸੁਰੱਖਿਅਤ ਰਹਿ ਕੇ ਰੁੱਖ ਬਣਦੇ ਹਨ, ਇਹ ਤਾਂ ਸਮਾਂ ਹੀ ਦੱਸੇਗਾ। ਇਸੇ ਤਰ੍ਹਾਂ ਸੰਤ ਬਾਬਾ ਬਲਵੀਰ ਸਿੰਘ ਸੀਚੇਵਾਲ, ਮੈਂਬਰ ਰਾਜ ਸਭਾ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਬੂਟੇ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ ਦੇ ਪਹਿਲੇ ਪੜਾਅ ਦੌਰਾਨ ਇਕ ਲੱਖ ਦੇ ਕਰੀਬ ਬੂਟੇ ਚਾਹਵਾਨ ਲੋਕਾਂ ਨੂੰ ਵੰਡੇ ਗਏ। ਜੰਗਲਾਤ ਮੰਤਰੀ, ਪੰਜਾਬ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੇ ਵਿਭਾਗ ਵਲੋਂ 3 ਕਰੋੜ ਪੌਦੇ ਲਗਾਏ ਜਾ ਰਹੇ ਹਨ।

ਭਾਰਤ ਸਰਕਾਰ ਵੱਲੋਂ ਵੀ ਸਾਲ 2016 ਵਿਚ ਦਾਅਵਾ ਕੀਤਾ ਗਿਆ ਸੀ ਕਿ ਭਾਰਤ ਵਿਚ ਨਾਗਰਿਕਾਂ ਦੀ ਮਦਦ ਨਾਲ ਇਕ ਦਿਨ ਵਿਚ 50 ਮਿਲੀਅਨ ਪੌਦੇ ਲਗਾ ਕੇ ਵਿਸ਼ਵ ਰਿਕਾਰਡ ਬਣਾਇਆ ਗਿਆ ਸੀ। ਸਰਕਾਰਾਂ ਦੇ ਦਾਅਵੇ ਸਰਕਾਰਾਂ ਨੂੰ ਮੁਬਾਰਕ।


ਰੁੱਖਾਂ ਬਾਰੇ ਪੰਜਾਬੀਆਂ ਵਿਚ ਇਹ ਇਕ ਪ੍ਰਚਲਤ ਵਿਚਾਰ ਹੈ "ਆਇਆ ਸਾਉਣ ਦਾ ਮਹੀਨਾ, ਰੁੱਖ ਲਾਉਣ ਦਾ ਮਹੀਨਾ।" ਪੰਜਾਬ ਦੇ ਲੋਕਾਂ ਨੂੰ ਰੁੱਖਾਂ ਬਾਰੇ ਵਿਲੱਖਣ ਜਾਣਕਾਰੀ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਇਨ੍ਹਾਂ ਦੀ ਅਹਿਮੀਅਤ ਸਮਝਣੀ ਚਾਹੀਦੀ ਹੈ। ਸਰਕਾਰਾਂ ਤੇ ਅਵਾਮ ਜਦੋਂ ਰੁੱਖਾਂ ਦੀ ਅਹਿਮੀਅਤ ਸਮਝਣ ਲੱਗਣਗੇ ਉਦੋਂ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਨੂੰ ਠੱਲ੍ਹ ਪੈ ਜਾਵੇਗੀ।

ਆਲਮੀ ਤਪਸ਼ ਦਾ ਇਕ ਮੁੱਖ ਕਾਰਨ ਰੁੱਖਾਂ ਤੇ ਜੰਗਲਾਂ ਦਾ ਤੇਜ਼ੀ ਨਾਲ ਘਟਣਾ ਵੀ ਹੈ। ਜੇ ਮਨੁੱਖ ਨੇ ਸਮਾਂ ਰਹਿੰਦੇ ਹੀ ਆਪਣੀ ਰੁੱਖਾਂ ਨਾਲ ਸਾਂਝ ਨੂੰ ਨਾ ਸਮਝਿਆ ਤਾਂ ਉਸ ਨੂੰ ਅੱਗੇ ਚੱਲ ਕੇ ਬਹੁਤ ਪਛਤਾਉਣਾ ਪਵੇਗਾ।

ਸਾਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ ਕਿ ਜੇਕਰ ਪੰਜਾਬ ਨੂੰ ਬਚਾਉਣਾ ਹੈ ਤਾਂ ਪੌਦੇ ਲਗਾਉਣੇ, ਉਨ੍ਹਾਂ ਦੀ ਸਾਂਭ-ਸੰਭਾਲ ਕਰਨੀ ਬੇਹੱਦ ਜ਼ਰੂਰੀ ਹਨ। ਸ਼ਿਵ ਕੁਮਾਰ ਬਟਾਲਵੀ ਨੇ ਰੁੱਖ ਦੀ ਬੜੀ ਖ਼ੂਬਸੂਰਤੀ ਨਾਲ ਵਿਆਖਿਆ ਕੀਤੀ ਹੈ :

"ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ, ਕੁਝ ਰੁੱਖ ਲੱਗਦੇ ਮਾਵਾਂ, ਕੁਝ ਰੁੱਖ ਨੂੰਹਾਂ-ਧੀਆਂ ਲੱਗਦੇ, ਕੁਝ ਰੁੱਖ ਵਾਂਗ ਭਰਾਵਾਂ, ਰੁੱਖ ਤਾਂ ਮੇਰੀ ਮਾਂ ਵਰਗੇ ਨੇ, ਜਿਉਣ ਰੁੱਖਾਂ ਦੀਆਂ ਛਾਵਾਂ।"

ਆਓ ! ਫਿਰ ਪੰਜਾਬ ਬਚਾਈਏ, ਪੌਦੇ ਲਗਾਈਏ। ਨਾਲ ਹੀ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਨੂੰ ਰੋਕਣ ਲਈ ਜ਼ੋਰਦਾਰ ਉਪਰਾਲੇ ਕਰੀਏ।



# ਝੋਨੇ ਅਤੇ ਬਾਸਮਤੀ ਵਿੱਚ ਲੋੜ ਅਨੁਸਾਰ ਯੂਰੀਆ ਦੀ ਵਰਤੋਂ ਲਈ ਪੀ ਏ ਯੂ-ਪੱਤਾ ਰੰਗ ਚਾਰਟ ਵਿਧੀ

**ਅਮਿਤ ਕੌਲ, ਗੋਬਿੰਦਰ ਸਿੰਘ ਅਤੇ ਕੇ. ਕੇ. ਗਿੱਲ, ਫਸਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ**
(ਮੋ. 81464-00233)

★ ਝੋਨੇ ਦੀ ਸਿੱਧੀ ਬਿਜਾਈ ਸਮੇਂ ਯੂਰੀਆ ਖਾਦ ਨਾ ਪਾਓ ।

★ ਖੇਤ ਦੀ ਬਿਜਾਈ ਤੋਂ 4 ਹਫਤੇ ਤੋਂ ਬਾਅਦ 25 ਕਿਲੋ ਯੂਰੀਆ ਪ੍ਰਤੀ ਏਕੜ ਪਾਉਣ ਤੋਂ ਬਾਅਦ

★ ਬਿਜਾਈ ਤੋਂ 6 ਹਫਤੇ ਬਾਅਦ, 7 ਦਿਨਾਂ ਦੇ ਅੰਤਰ ਤੇ ਪੱਤਿਆਂ ਦਾ ਰੰਗ ਪੀ ਏ ਯੂ-ਪੱਤਾ ਰੰਗ ਚਾਰਟ ਨਾਲ ਮਿਲਾਉਣਾ ਸ਼ੁਰੂ ਕਰੋ ।

★ ਹਰ ਵਾਰ ਖੇਤ ਵਿਚੋਂ 10 ਬੂਟਿਆਂ ਦੇ ਉਪਰੋਂ ਪੂਰੇ ਖੁੱਲੇ ਪਹਿਲੇ ਪੱਤੇ ਦਾ ਰੰਗ, ਬੂਟੇ ਨਾਲੋਂ ਤੋੜੇ ਬਿਨਾਂ ਪੱਤਾ ਰੰਗ ਚਾਰਟ ਨਾਲ ਆਪਣੇ ਪਰਛਾਵੇਂ ਵਿਚ ਮਿਲਾਓ ।

★ ਜਦੋਂ ਵੀ 10 ਵਿਚੋਂ 6 ਜਾਂ ਵੱਧ ਪੱਤਿਆਂ ਦਾ ਰੰਗ ਟਿੱਕੀ ਨੰਬਰ 4 ਤੋਂ ਫਿੱਕਾ ਹੋਵੇ 30 ਕਿਲੋ ਯੂਰੀਆਂ ਪ੍ਰਤੀ ਏਕੜ ਪਾਓ ।

★ ਜੇ ਪੱਤਿਆਂ ਦਾ ਰੰਗ ਟਿੱਕੀ ਨੰਬਰ 4 ਦੇ ਬਰਾਬਰ ਜਾਂ ਗੂੜਾ ਹੋਵੇ ਤਾਂ ਹੋਰ ਯੂਰੀਆ ਖਾਦ ਦੀ ਵਰਤੋਂ ਨਾ ਕਰੋ ।

★ ਝੋਨੇ ਦੇ ਨਿਸਰਨ ਤੋਂ ਬਾਅਦ ਪੱਤਾ ਰੰਗ ਚਾਰਟ ਦੀ ਵਰਤੋਂ ਦੀ ਲੋੜ ਨਹੀਂ ਅਤੇ ਹੋਰ ਯੂਰੀਆ ਖਾਦ ਨਹੀਂ ਪਾਉਣੀ ਚਾਹੀਦੀ ।

**ਬਾਸਮਤੀ**

★ ਲੁਆਈ ਸਮੇਂ ਯੂਰੀਆ ਖਾਦ ਨਾ ਪਾਓ । ਪਨੀਰੀ ਲਾਉਣ ਤੋਂ 21 ਦਿਨ ਬਾਅਦ, 7 ਦਿਨਾਂ ਦੇ ਅੰਤਰ ਤੇ ਪੱਤਿਆਂ ਦਾ ਰੰਗ ਪੀ ਏ ਯੂ-ਪੱਤਾ ਰੰਗ ਚਾਰਟ ਨਾਲ ਮਿਲਾਉਣਾ ਸ਼ੁਰੂ ਕਰੋ ।

★ ਹਰ ਵਾਰ ਖੇਤ ਵਿਚ 10 ਪੌਦਿਆਂ ਦੇ ਉਪਰੋਂ ਪੂਰੇ ਖੁੱਲੇ ਪਹਿਲੇ ਪੱਤੇ ਦਾ ਰੰਗ ਪੌਦੇ ਨਾਲੋਂ ਤੋੜੇ ਬਿਨਾਂ ਪੱਤਾ ਰੰਗ ਚਾਰਟ ਨਾਲ ਆਪਣੇ ਪਰਛਾਵੇਂ ਵਿਚ ਮਿਲਾਓ ।

★ ਸੀ ਐਸ ਆਰ 30 ਕਿਸਮ ਦਾ ਰੰਗ ਟਿੱਕੀ ਨੰਬਰ 3.5 ਅਤੇ ਬਾਕੀ ਕਿਸਮਾਂ (ਪੰਜਾਬ ਬਾਸਮਤੀ 7 ਤੇ 5, ਪੂਸਾ ਬਾਸਮਤੀ 1121, 1509 ਅਤੇ 1718) ਦਾ ਰੰਗ ਟਿੱਕੀ ਨੰਬਰ 4 ਨਾਲ ਮਿਲਾਓ ।

★ ਜਦੋਂ 10 ਵਿੱਚੋਂ 6 ਜਾਂ ਵੱਧ ਪੱਤਿਆਂ ਦਾ ਰੰਗ ਸੰਬੰਧਤ ਟਿੱਕੀ ਤੋਂ ਫਿੱਕਾ ਹੋਵੇ 9 ਕਿਲੋ ਯੂਰੀਆ ਪ੍ਰਤੀ ਏਕੜ ਪਾਓ ।

★ ਜੇ ਪੱਤਿਆਂ ਦਾ ਰੰਗ ਚਾਰਟ ਦੀ ਸੰਬੰਧਤ ਟਿੱਕੀ ਦੇ ਬਰਾਬਰ ਜਾਂ ਗੂੜਾ ਹੋਵੇ ਹੋਰ ਯੂਰੀਆ ਦੀ ਵਰਤੋਂ ਨਾ ਕਰੋ ।

★ ਬਾਸਮਤੀ ਦੇ ਨਿਸਰਨ ਤੋਂ ਬਾਅਦ ਹੋਰ ਖਾਦ ਨਾ ਪਾਓ ।

ਨੋਟ : ਜਿਨ੍ਹਾਂ ਖੇਤਾਂ ਵਿਚ ਰੂੜੀ/ਹਰੀ ਖਾਦ ਜਾਂ ਹੋਰ ਜੈਵਿਕ ਖਾਦ ਦੀ ਵਰਤੋਂ ਕੀਤੀ ਹੋਵੇ ਉਨ੍ਹਾਂ ਖੇਤਾਂ ਵਿਚ ਪੱਤਾ ਰੰਗ ਚਾਰਟ ਦੀ ਵਰਤੋਂ ਵਿਸ਼ੇਸ਼ ਤੌਰ ਤੇ ਲਾਹੇਵੰਦ ਹੈ । ਪੱਤਾ ਰੰਗ ਚਾਰਟ ਦੀ ਵਰਤੋਂ ਸਮੇਂ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਤੋਂ ਰਹਿਤ ਪੌਦਿਆਂ ਦੇ ਪੱਤਿਆਂ ਦਾ ਰੰਗ ਹੀ ਪੱਤਾ ਰੰਗ ਚਾਰਟ ਨਾਲ ਮਿਲਾਓ । ਫਸਲ ਲਈ ਪਾਣੀ ਅਤੇ ਹੋਰ ਖੁਰਾਕੀ ਤੱਤਾਂ ਦੀ ਵਰਤੋਂ ਸਿਫਾਰਸ਼ ਅਨੁਸਾਰ ਕੀਤੀ ਜਾਣੀ ਚਾਹੀਦੀ ਹੈ ।

ਨੋਟ : ਪੱਤਾ ਰੰਗ ਚਾਰਟ ਨਾਲ ਰੰਗ ਮਿਲਾਉਣ ਲਈ ਚੁਣੇ ਬੂਟਿਆਂ ਉੱਪਰ ਬਿਮਾਰੀ / ਕੀੜਿਆਂ ਦਾ ਹਮਲਾ, ਪਾਣੀ ਦੀ ਔੜ ਜਾਂ ਹੋਰ ਖੁਰਾਕੀ ਤੱਤਾਂ ਦੀ ਘਾਟ ਨਹੀਂ ਹੋਣੀ ਚਾਹੀਦੀ । ਸਿੰਚਾਈ ਅਤੇ ਹੋਰ ਖੁਰਾਕੀ ਤੱਤਾਂ ਦੀ ਵਰਤੋਂ ਸਿਫਾਰਸ਼ ਅਨੁਸਾਰ ਕੀਤੀ ਜਾਣੀ ਚਾਹੀਦੀ ਹੈ । ਪੱਤਾ ਰੰਗ ਚਾਰਟ ਪੀ ਏ ਯੂ ਦੀ ਬੀਜਾਂ ਦੀ ਦੁਕਾਨ ਗੇਟ ਨੰ. 1 ਅਤੇ ਵੱਖੋ-ਵੱਖਰੇ ਜ਼ਿਲ੍ਹਿਆਂ ਵਿਚ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰਾਂ ਤੋਂ ਮਿਲਦਾ ਹੈ ।

# ਪੀ.ਏ.ਯੂ. ਪ੍ਰੋਟੈਕਸ਼ਨ ਕਿੱਟ ਨਾਲ ਸਟੋਰ ਕੀਤੀਆਂ ਦਾਲਾਂ ਨੂੰ ਕੀੜਿਆਂ ਤੋਂ ਬਚਾਓ

ਦਾਲਾਂ ਨੂੰ ਕੀੜਿਆਂ ਵੱਲੋਂ ਜ਼ਿਆਦਾ ਨੁਕਸਾਨ ਮਈ-ਅਕਤੂਬਰ ਮਹੀਨੇ ਵਿਚ ਹੁੰਦਾ ਹੈ, ਕਿਉਂਕਿ ਇਹਨਾਂ ਮਹੀਨਿਆਂ ਦਾ ਤਾਪਮਾਨ ਕੀੜਿਆਂ ਦੇ ਵਧਣ ਫੁੱਲਣ ਲਈ ਢੁੱਕਵਾਂ ਹੁੰਦਾ ਹੈ ।

★ ਪੈਕਟਾਂ ਵਿਚ ਜਾਂ ਘਰੇਲੂ ਪੱਧਰ ਤੇ ਸਟੋਰ ਕੀਤੀਆਂ ਦਾਲਾਂ ਨੂੰ ਕੀੜਿਆਂ ਤੋਂ ਬਚਾਉਣਾ ਬਹੁਤ ਹੀ ਮੁਸ਼ਕਿਲ ਕੰਮ ਹੈ ।

★ ਇਹਨਾਂ ਮੁਸ਼ਕਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਵਿਗਿਆਨੀਆਂ ਵੱਲੋਂ ਪੈਕਟਾਂ ਵਿੱਚ, ਘਰੇਲੂ ਡੱਬਿਆਂ ਵਿਚ ਜਾਂ 30 ਕਿਲੋ ਤੱਕ ਵਰਤੇ ਜਾਣ ਵਾਲੇ ਡਰੰਮਾਂ ਵਿਚ ਪਈਆਂ ਦਾਲਾਂ ਨੂੰ ਕੀੜਿਆਂ ਤੋਂ ਬਚਾਉਣ ਲਈ ਇੱਕ ਨਵੀਂ ਵਾਤਾਵਰਣ ਸਹਾਇਕ ਤਕਨੀਕ ਇਜਾਦ ਕੀਤੀ ਗਈ ਹੈ, ਜਿਸ ਨੂੰ ''ਪੀਏਯੂ. ਪ੍ਰੋਟੈਕਸ਼ਨ ਕਿੱਟ ਫਾਰ ਸਟੋਰਡ ਪਲਸਿਸ'' ਦਾ ਨਾਮ ਦਿੱਤਾ ਗਿਆ ਹੈ ।

★ ਇਸ ਕਿੱਟ ਵਿਚ ਦਿੱਤਾ ਗਿਆ ਆਰਗੈਨਿਕ ਸਲੂਸ਼ਨ, ਬਹੁਤ ਹੀ ਅਸਾਨੀ ਨਾਲ ਕੀੜਿਆਂ ਨੂੰ ਮਾਰਨ ਦੀ ਸਮਰੱਥਾ ਰੱਖਦਾ ਹੈ ।

**ਕਿੱਟ ਵਿਚ ਦਿੱਤੇ ਆਰਗੈਨਿਕ ਸਲੂਸ਼ਨ ਦੀ ਸਿਫਾਰਸ਼ ਸ਼ੁਦਾ ਮਾਤਰਾ**

| ਸਟੋਰੇਜ ਯੂਨਿਟ ਦੀ ਸਮਰੱਥਾ | ਆਰਗੈਨਿਕ ਸਲੂਸ਼ਨ ਦੀ ਮਾਤਰਾ |
|---|---|
| ਅੱਧਾ ਕਿੱਲੋ | 3 ਤੁਪਕੇ |
| ਇੱਕ ਕਿੱਲੋ | 6 ਤੁਪਕੇ |

★ ਜੇਕਰ ਇਸ ਕਿੱਟ ਨੂੰ 30 ਕਿੱਲੋ ਤੱਕ ਦੇ ਡਰੰਮਾਂ ਵਿਚ ਸਟੋਰ ਕੀਤੀਆਂ ਦਾਲਾਂ ਵਿਚ ਸਿੱਧਾ ਵਰਤਣਾ ਹੋਵੇ ਤਾਂ ਉਸ ਵਾਸਤੇ ਵੀ ਯੂਨੀਵਰਸਿਟੀ ਵੱਲੋਂ ਪਰਫੋਰੇਟਿੱਡ ਫੀਊਮ ਡਿਸਪੈਂਸਰ ਤਿਆਰ ਕੀਤਾ ਗਿਆ ਹੈ ।

**ਪੀ. ਏ. ਯੂ. ਪ੍ਰੋਟੈਕਸ਼ਨ ਕਿੱਟ ਫਾਰ ਸਟੋਰਡ ਪਲਸਿਸ ਦੇ ਸੰਭਾਵਿਤ ਫਾਇਦੇ**

★ ਵਰਤੋਂ ਵਿੱਚ ਬਹੁਤ ਹੀ ਆਸਾਨ ★ ਘੱਟ ਲਾਗਤ ਵਾਲੀ ★ ਵਾਤਾਵਰਣ ਅਤੇ ਮਨੁੱਖ ਲਈ ਸੁਰੱਖਿਅਤ ★ ਰਸਾਇਣ ਮੁਕਤ ★ ਦਾਲਾਂ ਦੀ ਗੁਣਵੱਤਾ ਨੂੰ ਬਰਕਰਾਰ ਰੱਖਦੇ ਹੋਏ ।

**ਪੀ.ਏ.ਯੂ. ਪ੍ਰੋਟੈਕਸ਼ਨ ਕਿੱਟ ਫਾਰ ਸਟੋਰਡ ਪਲਸਿਸ ਦੀ ਵਰਤੋਂ ਲਈ ਸਾਵਧਾਨੀਆਂ**

★ 6-12 ਮਹੀਨੇ ਦੀ ਸਟੋਰੇਜ ਵੇਲੇ ਦਾਲਾਂ ਵਿਚ ਨਮੀਂ ਦੀ ਮਾਤਰਾ 10% ਹੋਣੀ ਚਾਹੀਦੀ ਹੈ ।

★ ਪੈਕਟਾਂ ਵਿਚ ਕਿਸੇ ਵੀ ਤਰੀਕੇ ਮੋਰੀ ਨਹੀਂ ਕਰਨੀ ਤਾਂ ਕਿ ਉਹਨਾਂ ਨੂੰ ਹਵਾ ਬੰਦ ਰੱਖਿਆ ਜਾ ਸਕੇ ।

★ ਸਟੋਰੇਜ ਯੂਨਿਟ ਦੀ ਸਮਰੱਥਾ ਦੇ ਹਿਸਾਬ ਨਾਲ, ਸਲੂਸ਼ਨ ਦੀ ਮਾਤਰਾ ਵਧਾਈ ਘਟਾਈ ਜਾ ਸਕਦੀ ਹੈ ।

★ ਸਲੂਸ਼ਨ ਨੂੰ ਇਕ ਸਾਲ ਤੱਕ ਵਰਤਿਆ ਜਾ ਸਕਦਾ ਹੈ ।

**ਪੀ.ਏ.ਯੂ. ਪ੍ਰੋਟੈਕਸ਼ਨ ਕਿੱਟ ਫਾਰ ਸਟੋਰਡ ਪਲਸਿਸ ਕਿੱਥੋਂ ਮਿਲਦੀ ਹੈ ?**

ਇਹ ਕਿੱਟ ਕਮਰਾ ਨੰ. 11 ਪ੍ਰੋਸੈਸਿੰਗ ਅਤੇ ਫੂਡ ਇੰਜਨੀਅਰਿੰਗ ਵਿਭਾਗ, ਪੀ.ਏ.ਯੂ., ਲੁਧਿਆਣਾ ਵਿਚ ਉਪਲਬਧ ਹੈ । ਇਕ ਕਿੱਟ ਦਾ ਮੁੱਲ 100/200 ਰੁਪਏ ਹੈ, ਜਿਸ ਨਾਲ ਅੱਧਾ ਕਿਲੋ ਦਾਲ ਦੇ 20/40 ਪੈਕਟ ਨੂੰ ਕੀੜਿਆਂ ਤੋਂ ਬਚਾਇਆ ਜਾ ਸਕਦਾ ਹੈ । ਡਰੰਮਾਂ ਵਿਚ ਵਰਤੀ ਜਾਣ ਵਾਲੀ ਕਿੱਟ ਦੀ ਕੀਮਤ 380 ਰੁਪਏ ਹੈ ।

**ਮਨਪ੍ਰੀਤ ਕੌਰ ਸੈਣੀ, ਐਮ ਐਸ ਆਲਮ ਅਤੇ ਅੰਜਲੀ ਸਿੱਧੂ, ਪ੍ਰੋਸੈਸਿੰਗ ਅਤੇ ਫੂਡ ਇੰਜਨੀਅਰਿੰਗ ਵਿਭਾਗ, ਮੋਬਾਇਲ : 94631-50838**



# ਖੁੰਬਾਂ ਦੀ ਕਾਸ਼ਤ

## ਇੱਕ ਲਾਹੇਵੰਦ ਸਹਾਇਕ ਧੰਦਾ

ਡਾ. ਬਲਵਿੰਦਰ ਸਿੰਘ ਢਿੱਲੋਂ, ਡਾ. ਅਜੀਤਪਾਲ ਸਿੰਘ ਧਾਲੀਵਾਲ ਅਤੇ
ਡਾ. ਜਤਿੰਦਰ ਸਿੰਘ ਬਰਾੜ, ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ।

**ਅਜੋਕੇ ਸਮੇਂ ਵਿੱਚ ਮਹਿੰਗਾਈ ਵਿੱਚ ਹੋਇਆ ਚੋਖਾ ਵਾਧਾ ਅਤੇ ਰੋਜ਼ਾਨਾ ਜ਼ਿੰਦਗੀ ਦੇ ਖਰਚੇ ਇਹਨੇ ਵੱਧ ਗਏ ਹਨ ਕਿ ਇਕੱਲੀ ਖੇਤੀਬਾੜੀ ਦੇ ਧੰਦੇ ਨਾਲ ਅਸੀਂ ਗੁਜ਼ਾਰਾ ਨਹੀਂ ਕਰ ਸਕਦੇ ਹਾਂ। ਇਸ ਲਈ ਸਾਨੂੰ ਖੇਤੀ ਦੇ ਨਾਲ-ਨਾਲ ਸਹਾਇਕ ਧੰਦਿਆਂ ਨੂੰ ਵੀ ਅਪਨਾਉਣਾ ਚਾਹੀਦਾ ਹੈ। ਇਹਨਾਂ ਵਿੱਚ ਡੇਅਰੀ ਫਾਰਮਿੰਗ, ਪੋਲਟਰੀ ਫਾਰਮਿੰਗ, ਸੂਰਾਂ ਨੂੰ ਪਾਲਣ ਦਾ ਧੰਦਾ, ਮਧੂ ਮੱਖੀ ਪਾਲਣ ਆਦਿ ਪ੍ਰਮੁੱਖ ਹਨ। ਇਹਨਾਂ ਧੰਦਿਆਂ ਨੂੰ ਸ਼ੁਰੂ ਕਰਨ ਵਿੱਚ ਕੁਝ ਖਰਚਾ ਵੀ ਆਉਂਦਾ ਹੈ ਅਤੇ ਜ਼ਿਆਦਾ ਮਿਹਨਤ ਦੀ ਵੀ ਜ਼ਰੂਰਤ ਹੈ। ਇਹਨਾਂ ਸਾਰੇ ਧੰਦਿਆਂ ਤੋਂ ਇਲਾਵਾ ਇੱਕ ਅਜਿਹਾ ਧੰਦਾ ਵੀ ਹੈ ਜਿਸ 'ਤੇ ਖਰਚਾ ਵੀ ਘੱਟ ਆਉਂਦਾ ਹੈ ਅਤੇ ਮਿਹਨਤ ਦੀ ਘੱਟ ਲੱਗਦੀ ਹੈ ਉਹ ਹੈ-ਖੁੰਬਾਂ ਦੀ ਕਾਸ਼ਤ ਦਾ ਧੰਦਾ।**

ਅਜੋਕੇ ਸਮੇਂ ਵਿੱਚ ਮਹਿੰਗਾਈ ਵਿੱਚ ਹੋਇਆ ਚੋਖਾ ਵਾਧਾ ਅਤੇ ਰੋਜ਼ਾਨਾ ਜ਼ਿੰਦਗੀ ਦੇ ਖਰਚੇ ਇਹਨੇ ਵੱਧ ਗਏ ਹਨ ਕਿ ਇਕੱਲੀ ਖੇਤੀਬਾੜੀ ਦੇ ਧੰਦੇ ਨਾਲ ਅਸੀਂ ਗੁਜ਼ਾਰਾ ਨਹੀਂ ਕਰ ਸਕਦੇ ਹਾਂ। ਇਸ ਲਈ ਸਨੂੰ ਖੇਤੀ ਦੇ ਨਾਲ-ਨਾਲ ਸਹਾਇਕ ਧੰਦਿਆਂ ਨੂੰ ਵੀ ਅਪਨਾਉਣਾ ਚਾਹੀਦਾ ਹੈ। ਇਹਨਾਂ ਵਿੱਚ ਡੇਅਰੀ ਫਾਰਮਿੰਗ, ਪੋਲਟਰੀ ਫਾਰਮਿੰਗ, ਸੂਰਾਂ ਨੂੰ ਪਾਲਣ ਦਾ ਧੰਦਾ, ਮਧੂ ਮੱਖੀ ਪਾਲਣ ਆਦਿ ਪ੍ਰਮੁੱਖ ਹਨ। ਇਹਨਾਂ ਧੰਦਿਆਂ ਨੂੰ ਸ਼ੁਰੂ ਕਰਨ ਵਿੱਚ ਕੁਝ ਖਰਚਾ ਵੀ ਆਉਂਦਾ ਹੈ ਅਤੇ ਜ਼ਿਆਦਾ ਮਿਹਨਤ ਦੀ ਵੀ ਜ਼ਰੂਰਤ ਹੈ। ਇਹਨਾਂ ਸਾਰੇ ਧੰਦਿਆਂ ਤੋਂ ਇਲਾਵਾ ਇੱਕ ਅਜਿਹਾ ਧੰਦਾ ਵੀ ਹੈ ਜਿਸ 'ਤੇ ਖਰਚਾ ਵੀ ਘੱਟ ਆਉਂਦਾ ਹੈ ਅਤੇ ਮਿਹਨਤ ਦੀ ਘੱਟ ਲੱਗਦੀ ਹੈ ਉਹ ਹੈ-ਖੁੰਬਾਂ ਦੀ ਕਾਸ਼ਤ ਦਾ ਧੰਦਾ।

ਖੁੰਬਾਂ ਦੀ ਸਫਲ ਕਾਸ਼ਤ ਕਰਕੇ ਇਹਨਾਂ ਨੂੰ ਬਾਜ਼ਾਰ ਵਿੱਚ ਵੇਚਕੇ ਚੰਗਾ ਮੁਨਾਫਾ ਕਮਾਉਣ ਦੇ ਨਾਲ-ਨਾਲ ਇਹਨਾਂ ਦੀ ਵਰਤੋਂ ਘਰ ਵਿੱਚ ਸਬਜ਼ੀ ਬਣਾਉਣ ਲਈ ਵੀ ਕਰ ਸਕਦੇ ਹਾਂ। ਖੁੰਬਾਂ ਵਿੱਚ ਐਂਟੀਆਕਸੀਡੈਂਟ ਅਤੇ ਸੀਲੀਨੀਅਮ (Selenium) ਨਾਂ ਦੇ ਖਣਿਜ ਪਦਾਰਥ ਹੁੰਦੇ ਹਨ ਜਿਹੜੇ ਕਿ ਕੈਂਸਰ ਵਰਗੀ ਘਾਤਕ ਬਿਮਾਰੀ ਨੂੰ ਸਰੀਰ ਵਿੱਚ ਪੈਦਾ ਕਰਨ ਵਾਲੇ ਰਸਾਇਣ ਪਦਾਰਥਾਂ ਨੂੰ ਰੋਕਦੇ ਹਨ। ਖੁੰਬਾਂ ਬਲੱਡ ਪ੍ਰੈਸ਼ਰ, ਮੋਟਾਪਾ, ਸ਼ੂਗਰ ਵਰਗੀਆਂ ਬਿਮਾਰੀਆਂ ਨੂੰ ਰੋਕਣ ਵਿੱਚ ਵੀ ਕਾਫੀ ਕਾਰਗਰ ਹਨ।

ਪੰਜਾਬ ਵਿੱਚ ਪੰਜ ਕਿਸਮ ਦੀਆਂ ਖੁੰਬਾਂ ਸਾਰਾ ਸਾਲ ਉਗਾਈਆਂ ਜਾਂਦੀਆਂ ਹਨ। ਇਹਨਾਂ ਵਿੱਚੋਂ ਦੋ ਗਰਮ ਰੁੱਤ (ਪਰਾਲੀ ਵਾਲੀ ਖੁੰਬ ਅਤੇ ਮਿਲਕੀ ਖੁੰਬ) ਦੀਆਂ ਅਤੇ ਤਿੰਨ ਸਰਦ ਰੁੱਤ (ਢੀਂਗਰੀ, ਸ਼ਟਾਕੀ ਖੁੰਬ ਅਤੇ ਬਟਨ ਖੁੰਬ) ਦੀਆਂ ਖੁੰਬਾਂ ਹਨ। ਖੁੰਬਾਂ ਦੀ ਕਾਸ਼ਤ ਹਵਾਦਾਰ ਕਮਰਿਆਂ ਵਿੱਚ ਕੀਤੀ ਜਾਂਦੀ ਹੈ।

**ਪਰਾਲੀ ਖੁੰਬ**: ਪਰਾਲੀ ਖੁੰਬ ਦੀਆਂ ਚਾਰ ਫਸਲਾਂ ਅਪ੍ਰੈਲ ਤੋਂ ਅਗਸਤ ਤੱਕ ਲਈਆਂ ਜਾ ਸਕਦੀਆਂ ਹਨ। ਇਸ ਲਈ ਪਰਾਲੀ, ਬੀਜ (ਸਪਾਨ), ਬਾਂਸ, ਸੇਬਾ ਆਦਿ ਸਾਮਾਨ ਦੀ ਲੋੜ ਹੁੰਦੀ ਹੈ। ਝੋਨੇ ਦੀ ਪਰਾਲੀ ਦੇ ਇੱਕ ਇੱਕ ਕਿਲੋ ਦੇ ਪੂਲੇ ਦੋਨੋਂ ਸਿਰਿਆਂ ਤੋਂ ਸੇਬੇ ਨਾਲ ਬੰਨ੍ਹ ਕੇ ਤਿਆਰ ਕੀਤੇ ਜਾਂਦੇ ਹਨ। ਪੂਲੇ ਦੇ ਸਿਰੇ ਕੱਟ ਕੇ ਇੱਕ ਬਰਾਬਰ ਕਰ ਲਏ ਜਾਂਦੇ ਹਨ। ਪਰਾਲੀ ਦੇ ਪੂਲਿਆਂ ਨੂੰ ਸਾਫ ਪਾਣੀ ਵਿੱਚ 16-20 ਘੰਟੇ ਲਈ ਡੁਬੋ ਦਿਓ ਅਤੇ ਗਿੱਲ੍ਹੇ ਪੂਲਿਆਂ ਨੂੰ ਢਲਾਨ ਤੇ ਰੱਖ ਕੇ ਵਾਧੂ ਪਾਣੀ ਨੂੰ ਨਿਕਲਣ ਦਿੱਤਾ ਜਾਵੇ। ਕਮਰੇ ਵਿੱਚ ਇੱਟਾਂ ਅਤੇ ਬਾਂਸ ਦਾ ਇੱਕ ਢੁੱਕਵਾਂ ਪਲੇਟਫਾਰਮ ਬਣਾਓ। ਇਸ ਪਲੇਟਫਾਰਮ ਤੇ 5 ਪੂਲਿਆਂ ਦੀ ਇੱਕ ਤਹਿ ਲਗਾਓ, ਜਿਸ ਉੱਪਰ ਲਗਭਗ 75 ਗਰਾਮ ਬੀਜ ਪਾਓ। ਇਸ ਤੋਂ ਉੱਪਰ ਵਾਲੀ ਤਹਿ ਉਲਟ ਹੁੰਦੀ ਹੈ। ਇਸ ਤਰ੍ਹਾਂ ਪੰਜ ਪੰਜ ਪੂਲਿਆਂ ਦੀਆਂ ਚਾਰ ਤਹਿਆਂ ਵਿੱਚ 300 ਗਰਾਮ ਬੀਜ ਪਾ ਕੇ ਇੱਕ ਕਿਆਰੀ ਤਿਆਰ ਕੀਤੀ ਜਾਂਦੀ ਹੈ। ਸਭ ਤੋਂ ਉੱਪਰ ਦੋ ਪੂਲੇ ਖੋਲ ਕੇ ਰੱਖ ਦਿੱਤੇ ਜਾਂਦੇ ਹਨ। ਬੀਜਾਈ ਤੋਂ 7-9 ਦਿਨਾਂ ਬਾਅਦ ਖੁੰਬਾਂ ਫੁੱਟਣ ਲੱਗ ਪੈਂਦੀਆਂ ਹਨ। ਬਿਜਾਈ ਦੇ ਦੋ ਦਿਨਾਂ ਬਾਅਦ ਹਰ



ਰੋਜ਼ ਪਾਣੀ ਦਾ ਛਿੜਕਾਅ ਕੀਤਾ ਜਾਂਦਾ ਹੈ। ਖੁੰਬਾਂ ਫੁੱਟਣ ਉਪਰੰਤ ਹਵਾ ਦਾ ਸੰਚਾਰ 6-8 ਘੰਟੇ ਪ੍ਰਤੀ ਦਿਨ ਦਿੱਤਾ ਜਾਂਦਾ ਹੈ। ਖੁੰਬਾਂ ਫੁੱਟਣ ਉਪਰੰਤ 1-2 ਦਿਨਾਂ ਵਿੱਚ ਤੋੜਨ ਯੋਗ ਹੋ ਜਾਂਦੀਆਂ ਹਨ। ਖੁੰਬਾਂ ਦੀ ਤੁੜਾਈ ਲਗਾਤਾਰ 15-20 ਦਿਨ ਤੱਕ ਚਲਦੀ ਹੈ। ਖੁੰਬਾਂ ਦੇ 200 ਗਰਾਮ ਦੇ ਮੋਮੀ ਲਿਫਾਫੇ ਦੇ ਪੈਕਟ ਤਿਆਰ ਕਰ ਕੇ ਮੰਡੀ ਵਿੱਚ ਭੇਜੇ ਜਾਂਦੇ ਹਨ। ਇੱਕ ਪਰਾਲੀ ਦੀ ਕਿਆਰੀ ਵਿੱਚੋਂ 2.5-3.0 ਕਿਲੋ ਤਾਜ਼ਾ ਖੁੰਬਾਂ ਤੋੜੀਆਂ ਜਾ ਸਕਦੀਆਂ ਹਨ।

**ਮਿਲਕੀ ਖੁੰਬ** : ਮਿਲਕੀ ਖੁੰਬ ਦੀਆਂ ਤਿੰਨ ਫਸਲਾਂ ਅਪ੍ਰੈਲ ਤੋਂ ਸਤੰਬਰ ਤੱਕ ਲਈਆਂ ਜਾ ਸਕਦੀਆਂ ਹਨ। ਇਸ ਲਈ ਤੂੜੀ, ਬੀਜ (ਸਪਾਨ), ਮੋਮੀ ਲਿਫਾਫੇ, ਸੇਬਾ, ਕੇਸਿੰਗ ਮਿੱਟੀ ਆਦਿ ਸਾਮਾਨ ਦੀ ਲੋੜ ਹੈ। ਸੁੱਕੀ ਤੂੜੀ ਨੂੰ ਪੱਕੇ ਫਰਸ਼ ਤੇ ਵਿਛਾ ਕੇ 16-20 ਘੰਟੇ ਪਾਣੀ ਨਾਲ ਗਿੱਲ੍ਹਾ ਕਰੋ। ਗਿੱਲ੍ਹੀ ਤੂੜੀ ਨੂੰ ਬੋਰੀ ਵਿੱਚ ਭਰ ਕੇ ਸੇਬੇ ਨਾਲ ਬੰਨ ਦਿਉ। ਇਸ ਬੋਰੀ ਨੂੰ ਉਬਲਦੇ ਪਾਣੀ ਵਿੱਚ 45-50 ਮਿੰਟ ਲਈ ਡੁਬੋ ਦਿਓ। ਤੂੜੀ ਨੂੰ ਕੱਢ ਕੇ ਪੱਕੇ ਫਰਸ਼ ਉੱਤੇ ਵਿਛਾ ਕੇ ਠੰਡਾ ਕਰ ਲਓ। ਠੰਡੀ ਤੂੜੀ ਵਿੱਚ ਬੀਜ ਰਲਾ ਕੇ ਮੋਮੀ ਲਿਫਾਫੇ ਵਿੱਚ ਭਰ ਦਿਓ। ਇਕ ਮੋਮੀ ਲਿਫਾਫੇ ਵਿੱਚ ਲਗਭਗ 2 ਕਿਲੋ ਗਿੱਲੀ ਤੂੜੀ ਅਤੇ 70-80 ਗ੍ਰਾਮ ਬੀਜ ਪੈਂਦਾ ਹੈ। ਲਿਫਾਫੇ ਦੇ ਮੂੰਹ ਨੂੰ ਸੇਬੇ ਨਾਲ ਬੰਨ੍ਹ ਕੇ ਕਮਰੇ ਵਿੱਚ ਰੱਖ ਦਿਉ। ਬਿਜਾਈ ਦੇ 2-3 ਹਫਤਿਆਂ ਬਾਅਦ ਲਿਫਾਫੇ ਖੋਲ੍ਹ ਕੇ ਕੇਸਿੰਗ ਦੀ 1-1.5'' ਦੀ ਤਹਿ ਲਗਾ ਦਿਉ।

ਕੇਸਿੰਗ ਵਿੱਚ ਰੂੜੀ ਅਤੇ ਰੇਤਲੀ ਮਿੱਟੀ (4:1) ਹੁੰਦੀ ਹੈ ਜੋ ਕਿ 24 ਘੰਟਿਆਂ ਲਈ 4% ਫਾਰਮਲੀਨ ਦੇ ਘੋਲ ਨਾਲ ਜੀਵਾਣੂ ਰਹਿਤ ਕੀਤੀ ਜਾਂਦੀ ਹੈ। ਕੇਸਿੰਗ ਮਿੱਟੀ ਪਾਉਣ ਤੋਂ ਲਗਭਗ ਦੋ ਹਫਤੇ ਵਿੱਚ ਖੁੰਬਾਂ ਦੇ ਛੋਟੇ-ਛੋਟੇ ਕਿਣਕੇ ਨਿਕਲਣੇ ਸ਼ੁਰੂ ਹੋ ਜਾਂਦੇ ਹਨ। ਖੁੰਬਾਂ ਦੀ ਤੁੜਾਈ ਲਗਭਗ 35-40 ਦਿਨਾਂ ਤੱਕ ਕੀਤੀ ਜਾਂਦੀ ਹੈ। ਖੁੰਬਾਂ ਦੇ 200 ਗਰਾਮ ਦੇ ਮੋਮੀ ਲਿਫਾਫੇ ਵਿੱਚ ਪੈਕਟ ਬਣਾ ਕੇ ਮੰਡੀ ਭੇਜੇ ਜਾਂਦੇ ਹਨ। ਇੱਕ ਕੁਇੰਟਲ ਸੁੱਕੀ ਤੂੜੀ ਵਿੱਚੋਂ ਲਗਭਗ 50-60 ਕਿਲੋ ਖੁੰਬਾਂ ਮਿਲ ਸਕਦੀਆਂ ਹਨ।

**ਢੀਂਗਰੀ** : ਇਸ ਖੁੰਬ ਦੀਆਂ ਅਕਤੂਬਰ ਤੋਂ ਮਾਰਚ ਤੱਕ ਤਿੰਨ ਫਸਲਾਂ ਲਈਆਂ ਜਾ ਸਕਦੀਆਂ ਹਨ। ਇਸ ਲਈ ਤੂੜੀ ਜਾਂ ਪਰਾਲੀ ਦਾ ਕੁਤਰਾ (3-5 ਇੰਚ), ਬੀਜ (ਸਪਾਨ), ਮੋਮੀ ਲਿਫਾਫੇ (12'×16'), ਸੇਬਾ, ਕੰਡਾ ਆਦਿ ਸਮਾਨ ਦੀ ਲੋੜ ਹੁੰਦੀ ਹੈ। ਪਰਾਲੀ ਜਾਂ ਤੂੜੀ ਨੂੰ 16-20 ਘੰਟੇ ਫਰਸ਼ ਤੇ ਸਾਫ ਪਾਣੀ ਨਾਲ ਗਿੱਲ੍ਹਾ ਕਰੋ। ਗਿੱਲ੍ਹੀ ਤੂੜੀ/ਪਰਾਲੀ ਨੂੰ ਮੋਮੀ ਲਿਫਾਫੇ ਵਿੱਚ 2-3 ਇੰਚ ਤੱਕ ਭਰ ਕੇ ਥੋੜ੍ਹਾ ਜਿਹਾ ਬੀਜ ਪਾਓ। ਇੱਕ ਕਿਲੋ ਸੁੱਕੀ ਤੂੜੀ ਵਿੱਚ 100 ਗਰਾਮ ਬੀਜ ਪਾਓ। ਇਸ ਤਰ੍ਹਾਂ ਲਿਫਾਫੇ ਨੂੰ ਦੋ ਤਿਹਾਈ ਤੱਕ ਭਰ ਕੇ ਸੇਬੇ ਨਾਲ ਬੰਨ੍ਹ ਦਿਓ। ਲਿਫਾਫੇ ਦੇ ਹੇਠਲੇ ਕੋਨੇ ਕੱਟ ਦਿਉ ਤਾਂ ਜੋ ਵਾਧੂ ਪਾਣੀ ਨਿਕਲ ਜਾਵੇ। ਲਿਫਾਫਿਆਂ ਨੂੰ ਕਮਰੇ ਵਿੱਚ ਟਿਕਾ ਦਿਉ। ਬਿਜਾਈ ਦੇ ਦੋ ਤਿੰਨ ਹਫਤਿਆਂ ਵਿੱਚ ਛੋਟੀਆਂ ਛੋਟੀਆਂ ਖੁੰਬਾਂ ਫੁੱਟਣ ਲੱਗ ਪੈਂਦੀਆਂ ਹਨ। ਇਸ ਸਮੇਂ ਲਿਫਾਫਿਆਂ ਨੂੰ ਲਾਹ ਦਿੱਤਾ ਜਾਂਦਾ ਹੈ ਅਤੇ ਹਲਕਾ ਪਾਣੀ ਦਾ ਛਿੜਕਾਅ ਕੀਤਾ ਜਾਂਦਾ ਹੈ। 4-5 ਦਿਨਾਂ ਬਾਅਦ ਢੀਂਗਰੀ ਨੂੰ ਪਕੜ ਕੇ ਉੱਪਰ ਜਾ ਥੱਲੇ ਵਲ ਖਿੱਚ ਕੇ ਤੋੜ ਲਿਆ ਜਾਂਦਾ ਹੈ। ਢੀਂਗਰੀ ਦੇ 200 ਗਰਾਮ ਦੇ ਮੋਮੀ ਲਿਫਾਫੇ ਭਰ ਕੇ ਮੰਡੀ ਵਿੱਚ ਭੇਜੇ ਜਾ ਸਕਦੇ ਹਨ। ਇੱਕ ਕਿਲੋ ਸੁੱਕੀ ਤੂੜੀ ਤੋਂ ਲਗਭਗ 500-600 ਗਰਾਮ ਤਾਜ਼ਾ ਢੀਂਗਰੀ 30 ਦਿਨਾਂ ਵਿੱਚ ਤੋੜੀ ਜਾ ਸਕਦੀ ਹੈ।

**ਸਟਾਕੀ ਖੁੰਬ** : ਇਹ ਖੁੰਬ ਅਕਤੂਬਰ ਤੋਂ ਅੱਧ ਫਰਵਰੀ ਤੱਕ ਉਗਾਈ ਜਾ ਸਕਦੀ ਹੈ। ਇਸ ਲਈ ਤੂੜੀ, ਚੋਕਰ, ਬੀਜ (ਸਪਾਨ), ਮੋਮੀ ਲਿਫਾਫੇ (12'×16'), ਪਲਾਸਟਿਕ ਦੇ ਛੱਲੇ, ਰੂੰਈ ਆਦਿ ਦੀ ਲੋੜ ਹੁੰਦੀ ਹੈ। ਸਾਫ ਤੂੜੀ ਨੂੰ 16-20 ਘੰਟੇ ਪੱਕੇ ਫਰਸ਼ ਤੇ ਪਾਣੀ ਨਾਲ ਗਿੱਲਾ ਕਰੋ। 2 ਕਿਲੋ ਗਿੱਲੀ ਤੂੜੀ ਵਿੱਚ 10% ਚੋਕਰ (ਸੁੱਕੀ ਤੂੜੀ ਦੇ ਹਿਸਾਬ ਨਾਲ) ਰਲਾਉ ਤੇ ਇਸ ਨੂੰ ਪ੍ਰਤੀ ਲਿਫਾਫਾ ਦੇ ਹਿਸਾਬ ਨਾਲ ਭਰੋ। ਲਿਫਾਫੇ ਉੱਪਰ ਛੱਲਾ ਲਗਾ ਕੇ ਰੂੰਈ ਨਾਲ ਮੂੰਹ ਬੰਦ ਕਰੋ। ਲਿਫਾਫਿਆਂ ਨੂੰ 20 ਪੀ. ਐਸ. ਆਈ. ਤੇ ਇੱਕ ਘੰਟਾ ਭਾਫ ਲਵਾਓ। ਤੂੜੀ ਨੂੰ ਠੰਡਾ ਕਰਨ ਤੋਂ ਬਾਅਦ ਇਸ ਵਿੱਚ ਸਟਾਕੀ ਖੁੰਬ ਦਾ ਬੀਜ (4%) ਪਾਉ। ਲਿਫਾਫਿਆਂ ਨੂੰ ਕਮਰੇ ਅੰਦਰ ਰੱਖੋ ਅਤੇ ਲਗਭਗ 50 ਦਿਨਾਂ ਬਾਅਦ ਲਿਫਾਫੇ ਭੂਰੇ ਰੰਗ ਦੇ ਹੋ ਜਾਣ ਤੇ, ਲਿਫਾਫਾ ਹਟਾ ਦਿਓ। ਤੂੜੀ ਵਾਲੇ ਡਲੇ ਨੂੰ ਬਰਫ ਵਾਲੇ ਪਾਣੀ ਵਿੱਚ 5-10 ਮਿੰਟ ਰੱਖੋ। ਇਸ ਤੋਂ ਬਾਅਦ ਤੂੜੀ ਵਾਲੇ ਡਲੇ ਨੂੰ ਕਾਸ਼ਤ ਵਾਲੇ ਕਮਰੇ ਵਿੱਚ ਟਿਕਾ ਦਿਓ। ਲਗਭਗ 5-7 ਦਿਨਾਂ ਵਿੱਚ ਸਿਟਾਕੀ ਖੁੰਬ ਫੁੱਟ ਪੈਂਦੀ ਹੈ। ਖੁੰਬ 5-7 ਦਿਨਾਂ ਵਿੱਚ ਤੋੜਨ ਯੋਗ ਹੋ ਜਾਂਦੀ ਹੈ। ਇਸ ਤਰ੍ਹਾਂ ਖੁੰਬਾਂ ਲਗਾਤਾਰ 60 ਦਿਨਾਂ ਤੱਕ ਤੋੜੀਆਂ ਜਾਂਦੀਆਂ ਹਨ। ਇੱਕ ਕੁਇੰਟਲ ਸੁੱਕੀ ਤੂੜੀ ਤੋਂ ਲਗਭਗ 40 ਕਿਲੋ ਤਾਜ਼ੀ ਖੁੰਬ ਤੋੜੀ ਜਾ ਸਕਦੀ ਹੈ। ਖੁੰਬਾਂ ਦੇ 200 ਗਰਾਮ ਦੇ ਮੋਮੀ ਲਿਫਾਫੇ ਦੇ ਪੈਕਟ ਬਣਾ ਕੇ ਮੰਡੀ ਵਿੱਚ ਭੇਜੇ ਜਾ ਸਕਦੇ ਹਨ।

**ਬਟਨ ਖੁੰਬ** : ਸਤੰਬਰ ਤੋਂ ਮਾਰਚ ਤੱਕ ਇਸ ਖੁੰਬ ਦੀਆਂ ਦੋ ਫਸਲਾਂ ਲਈਆਂ ਜਾ ਸਕਦੀਆਂ ਹਨ। ਸਤੰਬਰ ਮਹੀਨੇ ਦੇ ਅੱਧ ਵਿੱਚ ਤੂੜੀ ਅਤੇ ਖਾਦਾਂ ਤੋਂ ਕੰਪੋਸਟ ਤਿਆਰ ਕੀਤੀ ਜਾਂਦੀ ਹੈ। ਖੁੰਬਾਂ ਦੀ ਇਸ ਕਿਸਮ ਲਈ 300 ਕਿਲੋ ਤੂੜੀ, 15 ਕਿਲੋ ਚੋਕਰ, 9 ਕਿਲੋ ਕਿਸਾਨ ਖਾਦ, 3 ਕਿਲੋ ਯੂਰੀਆ, 3 ਕਿਲੋ ਸੁਪਰ ਫਾਸਫੇਟ, 3 ਕਿਲੋ ਮਿਊਰੇਟ ਆਫ ਪੋਟਾਸ਼, 5 ਕਿਲੋ ਸੀਰਾ, 30 ਕਿਲੋ ਜਿਪਸਮ, 250 ਗਰਾਮ ਲਿੰਡੇਨ (5%) ਦਾ ਧੂੜਾ ਅਤੇ ਫਿਊਰਾ ਡਾਨ 3 ਜੀ 150 ਗਰਾਮ ਦੀ ਲੋੜ ਪੈਂਦੀ ਹੈ। 9 ਕਿਲੋ ਕਿਸਾਨ ਖਾਦ, 3 ਕਿਲੋ ਯੂਰੀਆ ਅਤੇ 3 ਕਿਲੋ ਸੁਪਰ ਫਾਸਫੇਟ ਦੀ ਥਾਂ 1 ਕਿਲੋ ਡੀ.ਏ.ਪੀ ਅਤੇ 6.5 ਕਿਲੋ ਯੂਰੀਆ ਵੀ ਪਾਏ ਜਾ ਸਕਦੇ ਹਨ। ਤੂੜੀ ਨੂੰ ਪੱਕੇ ਫਰਸ਼ ਤੇ ਖਿਲਾਰ ਕੇ ਸਾਫ ਪਾਣੀ ਨਾਲ 48 ਘੰਟਿਆਂ ਲਈ ਗਿੱਲ੍ਹਾ ਕਰੋ। ਖਾਦਾਂ ਵਿੱਚ ਚੋਕਰ ਰਲਾ ਕੇ 24 ਘੰਟਿਆਂ ਲਈ ਸਿੱਲ੍ਹੇ ਰੱਖੋ। ਖਾਦਾਂ ਅਤੇ ਚੋਕਰ ਦੇ ਮਿਸ਼ਰਣ ਨੂੰ ਗਿੱਲੀ ਤੂੜੀ ਉੱਪਰ ਖਿਲਾਰ ਕੇ ਤ੍ਰੰਗਲੀ ਨਾਲ ਫਰੋਲੋ ਅਤੇ ਤਿੰਨ ਫੱਟਿਆਂ ਦੀ ਮਦਦ ਨਾਲ ਇੱਕ 5×5×5 ਫੁੱਟ ਦਾ ਢੇਰ ਲਗਾ ਕੇ ਫੱਟੇ ਹਟਾ ਦਿਉ। ਢੇਰ ਨੂੰ ਸੱਤ ਵਾਰ, ਪਹਿਲਾਂ ਤਿੰਨ ਵਾਰ ਹਰ ਚੌਥੇ ਦਿਨ ਅਤੇ ਫਿਰ ਚਾਰ ਵਾਰ ਹਰ ਤੀਜੇ ਦਿਨ ਪਲਟੋ। ਸੀਰਾ, ਜਿਪਸਮ, ਫਿਊਰਾਡਾਨ ਅਤੇ ਲਿੰਡੇਨ ਨੂੰ ਪਹਿਲੀ, ਤੀਜੀ, ਛੇਵੀਂ ਅਤੇ ਸੱਤਵੀਂ ਪਲਟੀ ਤੇ ਪਾਉ। ਇਸ ਤਰ੍ਹਾਂ 24 ਦਿਨਾਂ ਵਿੱਚ ਕੰਪੋਸਟ ਤਿਆਰ ਹੋ ਜਾਂਦੀ ਹੈ।

ਤੂੜੀ ਦੇ ਨਾਲ ਪਰਾਲੀ ਕੁਤਰ ਕੇ (2-5 ਇੰਚ) 1:1 ਜਾਂ 1:2 (ਭਾਰ/ਭਾਰ) ਹਿੱਸੇ ਵਿੱਚ ਪਾਈ ਜਾ ਸਕਦੀ ਹੈ। ਪਰਾਲੀ ਅੱਠਵੇਂ ਦਿਨ ਦੂਜੀ ਟਰਨ ਵਿੱਚ ਪਾਉਣੀ ਚਾਹੀਦੀ ਹੈ। ਕੰਪੋਸਟ ਦੇ ਢੇਰ ਨੂੰ ਖੋਲ੍ਹ ਕੇ ਠੰਡਾ ਕੀਤਾ ਜਾਂਦਾ ਹੈ। ਟਰੇਆਂ ਜਾਂ ਲਿਫਾਫਿਆਂ ਵਿੱਚ ਬੀਜ 300 ਗਰਾਮ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਅੱਠ ਇੰਚ ਕੰਪੋਸਟ ਵਿੱਚ ਰਲਾਇਆ ਜਾਂਦਾ ਹੈ। ਬੀਜ ਰਲੀ ਕੰਪੋਸਟ ਨੂੰ ਅਖਬਾਰ ਨਾਲ ਢੱਕ ਦਿੱਤਾ ਜਾਂਦਾ ਹੈ। ਇਸ ਉੱਪਰ ਹਰ ਰੋਜ਼ ਹਲਕਾ ਜਿਹਾ ਪਾਣੀ ਦਾ ਛਿੜਕਾਅ ਕੀਤਾ ਜਾਂਦਾ ਹੈ। ਬਿਜਾਈ ਤੋਂ ਬਾਅਦ ਹਰ ਰੋਜ਼ ਪਾਣੀ ਦਾ ਛਿੜਕਾਅ ਕਰੋ। ਖੁੰਬਾਂ ਫੁੱਟਣ ਉਪਰੰਤ ਹਵਾ ਦਾ ਸੰਚਾਰ 6-8 ਘੰਟੇ ਪ੍ਰਤੀ ਦਿਨ ਦਿਓ। ਬਿਜਾਈ ਦੇ 2-3 ਹਫਤਿਆਂ ਬਾਅਦ ਕੰਪੋਸਟ ਉਪਰ ਦੀ ਅਖਬਾਰ ਲਾਹ ਕੇ ਕੇਸਿੰਗ ਦੀ 1.5'' ਦੀ ਤਹਿ ਲਗਾ ਦਿਉ। ਕੇਸਿੰਗ ਵਿੱਚ ਰੂੜੀ ਅਤੇ ਰੇਤਲੀ ਮਿੱਟੀ (4:1) ਹੁੰਦੀ ਹੈ ਜੋ ਕਿ 48 ਘੰਟਿਆਂ ਲਈ 4% ਫਾਰਮਲੇਨ ਦੇ ਘੋਲ ਨਾਲ ਜੀਵਾਣੂ ਰਹਿਤ ਕੀਤੀ ਜਾਂਦੀ ਹੈ। ਕੇਸਿੰਗ ਦੇ ਦੋ ਹਫਤੇ ਬਾਅਦ ਛੋਟੇ ਸਫੈਦ ਤਿਨਕੇ ਦਿਖਣੇ ਸ਼ੁਰੂ ਹੋ ਜਾਂਦੇ ਹਨ ਜੋ ਕਿ 4-5 ਦਿਨਾਂ ਵਿੱਚ ਖੁੰਬਾਂ ਦਾ ਆਕਾਰ ਲੈ ਲੈਂਦੇ ਹਨ। ਇਸ ਵੇਲੇ ਹਵਾ ਦਾ ਸੰਚਾਰ 6-8 ਘੰਟੇ ਪ੍ਰਤੀ ਦਿਨ ਤੱਕ ਦਿੱਤਾ ਜਾਂਦਾ ਹੈ। ਖੁੰਬਾਂ ਹਰ ਰੋਜ਼ ਇੱਥ ਸਮੇਂ ਤੇ ਤੋੜੋ। ਖੁੰਬਾਂ ਨੂੰ ਟੋਪੀ ਤੋਂ ਪਕੜ ਕੇ ਹਲਕਾ ਜਿਹਾ ਦਬਾ ਕੇ ਘੁੰਮਾ ਕੇ ਉੱਪਰ ਖਿੱਚਿਆ ਜਾਵੇ। ਹੇਠਲਾ ਮਿੱਟੀ ਵਾਲਾ ਹਿੱਸਾ ਚਾਕੂ ਨਾਲ ਕੱਟ ਦਿਓ। ਖੁੰਬਾਂ ਦਾ 200 ਗਰਾਮ ਦਾ ਪੈਕਟ ਇੱਕ ਮੋਮੀ ਲਿਫਾਫੇ ਵਿੱਚ ਭਰ ਕੇ ਮੰਡੀ ਵਿੱਚ ਭੇਜੋ। 300 ਕਿਲੋ ਸੁੱਕੀ ਤੂੜੀ ਦੀ ਕੰਪੋਸਟ ਵਿੱਚੋਂ 30 ਦਿਨਾਂ ਵਿੱਚ ਲਗਭਗ 80-100 ਕਿਲੋ ਖੁੰਬਾਂ ਮਿਲ ਸਕਦੀਆਂ ਹਨ।

ਇਨ੍ਹਾਂ ਖੁੰਬਾਂ ਦਾ ਬੀਜ (ਸਪਾਨ) ਮਾਈਕ੍ਰੋਬਾਇਆਲੋਜੀ ਵਿਭਾਗ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਅਤੇ ਬਾਗਬਾਨੀ ਵਿਭਾਗ, ਹੁਸ਼ਿਆਰਪੁਰ, ਜਲੰਧਰ, ਪਟਿਆਲਾ ਅਤੇ ਸੰਗਰੂਰ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਖੁੰਬਾਂ ਦੀ ਕਾਸ਼ਤ ਦੀ ਸਿਖਲਾਈ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਅਤੇ ਇਸਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਤੋਂ ਲਈ ਜਾ ਸਕਦੀ ਹੈ।

## ਆਓ ਗਾਜਰ ਘਾਹ ਸਬੰਧੀ

# ਜਾਗਰੂਕਤਾ ਹਫਤਾ ਮਨਾਈਏ, ਇਸ ਨਦੀਨ ਤੋਂ ਛੁਟਕਾਰਾ ਪਾਈਏ

ਵਿਵੇਕ ਕੁਮਾਰ ਫਤਿਹਜੀਤ ਸਿੰਘ ਸੇਖੋਂ ਅਤੇ ਰਮਿੰਦਰ ਸਿੰਘ ਘੁੰਮਣ,
ਪੀ. ਏ. ਯੂ.-ਫਾਰਮ ਸਲਾਹਕਾਰ ਸੇਵਾ ਕੇਂਦਰ, ਫਰੀਦਕੋਟ (ਮੋ. 98556-03629)



ਗਾਜਰ ਘਾਹ ਅਣਵਾਹੀਆਂ ਜ਼ਮੀਨਾਂ ਅਤੇ ਖਾਲੀ ਪਏ ਥਾਵਾਂ ਉੱਤੇ ਹੋਣ ਵਾਲਾ ਇਕ ਖਤਰਨਾਕ ਨਦੀਨ ਹੈ, ਜਿਸ ਨੂੰ ਦੇਸ਼ ਵਿਚ ਵੱਖ-ਵੱਖ ਨਾਵਾਂ ਜਿਵੇਂ ਕਿ ਗਾਜਰ ਬੂਟੀ, ਨੂੰ /ਕਾਂਗਰਸ ਘਾਹ, ਸਫੇਦ ਟੋਪੀ ਅਤੇ ਪਾਰਥੀਨੀਅਮ ਬੂਟੀ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਪੰਜਾਬ ਵਿੱਚ ਵੀ ਇਸ ਨਦੀਨ ਦੀ ਬਹੁਤ ਭਰਮਾਰ ਹੋ ਚੁੱਕੀ ਹੈ ਅਤੇ ਫਰਵਰੀ ਮਹੀਨੇ ਤੋਂ ਲੈ ਕੇ ਨਵੰਬਰ ਤੱਕ ਦਾ ਸਮਾਂ ਇਸ ਘਾਹ ਦੇ ਉੱਗਣ ਲਈ ਢੁੱਕਵਾਂ ਰਹਿੰਦਾ ਹੈ। ਇਹ ਨਦੀਨ ਹਰ ਤਰ੍ਹਾਂ ਦੇ ਵਾਤਾਵਰਣ ਵਿਚ ਹੋ ਸਕਦਾ ਹੈ ਅਤੇ ਜੜ੍ਹਾਂ ਦਾ ਵਿਸਥਾਰ ਡੂੰਘਾ ਹੋਣ ਕਰਦੇ ਇਹ ਨਦੀਨ ਘੱਟ ਪਾਣੀ ਵਾਲੇ ਸਥਾਨ ਤੇ ਬੜੀ ਆਸਾਨੀ ਨਾਲ ਹੋ ਜਾਂਦਾ ਹੈ। ਕਾਂਗਰਸ ਘਾਹ ਦਾ ਸਭ ਤੋਂ ਜ਼ਿਆਦਾ ਵਾਧਾ ਬਰਸਾਤ ਦੇ ਮੌਸਮ ਵਿੱਚ ਹੁੰਦਾ ਹੈ ਅਤੇ ਆਪਣੇ ਆਸ ਪਾਸ ਕਿਸੇ ਹੋਰ ਬੂਟੇ ਨੂੰ ਉੱਗਣ ਨਹੀਂ ਦਿੰਦਾ।

### ਗਾਜਰ ਘਾਹ ਦੇ ਨੁਕਸਾਨ

★ ਇਹ ਨਦੀਨ ਮਨੁੱਖਾਂ ਵਿਚ ਕਈ ਤਰ੍ਹਾਂ ਦੇ ਰੋਗ ਜਿਵੇਂ ਕਿ ਐਲਰਜੀ, ਦਮਾ, ਬੁਖਾਰ, ਨਜ਼ਲਾ, ਜ਼ੁਕਾਮ ਅਤੇ ਚਮੜੀ ਦੇ ਰੋਗ ਉਤਪੰਨ ਕਰਦਾ ਹੈ।

★ ਪਸ਼ੂਆਂ ਲਈ ਵੀ ਇਹ ਨਦੀਨ ਖਤਰਨਾਕ ਹੈ ਕਿਉਂਕਿ ਇਸ ਦੇ ਸੰਪਰਕ ਵਿਚ ਆਉਣ ਤੇ ਪਸ਼ੂ ਵੀ ਚਮੜੀ ਰੋਗ ਦੇ ਸ਼ਿਕਾਰ ਹੋ ਜਾਂਦੇ ਹਨ।

★ ਇਸ ਤੋਂ ਇਲਾਵਾ ਇਸ ਨੂੰ



ਖਾਣ ਨਾਲ ਪਸ਼ੂਆਂ ਵਿਚ ਦੁੱਧ ਦੇ ਉਤਪਾਦਨ ਵਿਚ ਕਮੀ ਅਤੇ ਦੁੱਧ ਦਾ ਸੁਆਦ ਖਰਾਬ ਹੋਣ ਵਰਗੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ।

★ ਜ਼ਿਆਦਾ ਮਾਤਰਾ ਵਿੱਚ ਇਸ ਨਦੀਨ ਦਾ ਸੇਵਨ ਕਈ ਵਾਰ ਪਸ਼ੂਆ ਲਈ ਜਾਨ ਲੇਵਾ ਵੀ ਸਾਬਤ ਹੋ ਸਕਦਾ ਹੈ।

★ ਫਸਲਾਂ ਵਿਚ ਉੱਗ ਕੇ ਇਹ ਨਦੀਨ ਫਸਲਾਂ ਦੇ ਝਾੜ ਵਿਚ ਨੁਕਸਾਨ ਕਰ ਸਕਦਾ ਹੈ।

★ ਇਹ ਨਦੀਨ ਬਹੁਤ ਸਾਰੇ ਕੀੜੇ ਮਕੌੜਿਆਂ, ਜਿਵੇਂ ਕਿ ਚਿੱਟੀ ਮੱਖੀ, ਮਿਲੀ ਬੱਗ ਆਦਿ ਲਈ ਬਦਲਵੀਂ ਪਨਾਹ ਵਜੋਂ ਕੰਮ ਕਰਦਾ ਹੈ।

### ਗਾਜਰ ਘਾਹ ਦੀ ਰੋਕਥਾਮ ਦੇ ਢੰਗ ਅਤੇ ਸਾਵਧਾਨੀਆਂ

ਗਾਜਰ ਘਾਹ ਦੀ ਰੋਕਥਾਮ ਦਾ ਸਭ ਤੋਂ ਵਧੀਆ ਤਰੀਕਾ ਇਹ ਦੇ ਬੂਟਿਆਂ ਨੂੰ ਫੁੱਲ ਆਉਣ ਤੋਂ ਪਹਿਲਾਂ ਵਾਰ-ਵਾਰ ਕੱਟ ਕੇ ਜਾਂ ਜੜ੍ਹ ਤੋਂ ਪੁੱਟ ਕੇ ਖਤਮ ਕੀਤਾ ਜਾਵੇ। ਇਸ ਤੋਂ ਬਾਅਦ ਪੁੱਟੇ ਹੋਏ ਬੂਟਿਆਂ ਨੂੰ ਇੱਕ ਥਾਂ ਤੇ ਇਕੱਠਾ ਕਰਕੇ ਸੁਕਾ ਕੇ ਅੱਗ ਲਗਾ ਦਿਓ। ਖਾਲੀ ਥਾਵਾਂ ਤੇ ਜ਼ਮੀਨ ਨੂੰ ਟਰੈਕਟਰ ਨਾਲ ਲਗਾਤਾਰ ਵਾਹੁੰਦੇ ਰਹੋ ਤਾਂ ਜੋ ਹੌਲੀ-ਹੌਲੀ ਇਹ ਨਦੀਨ ਖਤਮ ਹੋ ਜਾਵੇ। ਇਸ ਤੋਂ ਇਲਾਵਾ, ਇਸ ਦੀ ਰੋਕਥਾਮ ਲਈ 0.7 ਤੋਂ 1.0% ਐਟਰਾਟਾਫ 50 ਡਬਲਯੂ ਪੀ (ਐਟਰਾਜ਼ੀਨ) (700 ਗ੍ਰਾਮ ਤੋਂ 1 ਕਿਲੋਗ੍ਰਾਮ 100 ਲਿਟਰ ਪਾਣੀ ਵਿੱਚ ਘੋਲ ਕੇ) ਦਾ ਛਿੜਕਾਅ ਉੱਗਣ ਤੋਂ ਪਹਿਲਾਂ ਫਰਵਰੀ ਦੇ ਦੂਜੇ ਪੰਦਰਵਾੜੇ ਵਿੱਚ ਕਰੋ। ਐਟਰਾਟਾਫ ਦਾ ਛਿੜਕਾਅ 1 ਤੋਂ 2 ਪੱਤਿਆਂ ਦੀ ਹਾਲਤ ਵਿੱਚ ਵੀ ਕੀਤਾ ਜਾ ਸਕਦਾ ਹੈ। ਨਦੀਨ ਨੂੰ ਕੱਟਣ ਜਾਂ ਪੁੱਟਣ ਤੋਂ ਪਹਿਲਾਂ ਹੱਥਾਂ ਤੇ ਦਸਤਾਨੇ ਪਾਉਣੇ ਅਤੇ ਸਰੀਰ ਨੂੰ ਚੰਗੀ ਤਰ੍ਹਾਂ ਢੱਕ ਲੈਣਾ ਬਹੁਤ ਜ਼ਰੂਰੀ ਹੈ।

### ਰੋਕਥਾਮ ਲਈ ਵਿਉਂਤਬੰਦੀ

ਪੰਜਾਬ ਵਿੱਚ ਇਸ ਨਦੀਨ ਦੀ ਇੰਨੀ ਜ਼ਿਆਦਾ ਭਰਮਾਰ ਹੋ ਚੁੱਕੀ ਹੈ ਕਿ ਵਿਅਕਤੀਗਤ ਪੱਧਰ ਤੇ ਇਸਦੀ ਰੋਕਥਾਮ ਬਹੁਤ ਮੁਸ਼ਕਲ ਹੈ। ਇਸ ਲਈ ਇਕ ਮੁਹਿੰਮ ਪੂਰੇ ਦੇਸ਼ ਵਿਚ ਹਰ ਸਾਲ 16-22 ਅਗਸਤ ਨੂੰ 'ਕਾਂਗਰਸ ਘਾਹ ਸੰਬੰਧੀ ਜਾਗਰੂਕਤਾ ਹਫਤਾ' ਮਨਾ ਕੇ ਚਲਾਈ ਜਾਂਦੀ ਹੈ। ਇਸ ਮੁਹਿੰਮ ਦੇ ਤਹਿਤ ਲੋਕਾਂ ਨੂੰ 'ਕਾਂਗਰਸ ਘਾਹ ਦੇ ਮਾੜੇ ਪ੍ਰਭਾਵਾਂ ਬਾਰੇ ਅਤੇ ਇਸ ਦੀ ਰੋਕਥਾਮ ਦੀ ਵਿਉਂਤਬੰਦੀ ਕਰਨ ਲਈ ਵੱਖ ਵੱਖ ਤਰੀਕਿਆਂ ਬਾਰੇ ਜਾਗਰੂਕ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਇਸ ਨਦੀਨ ਬਾਰੇ ਆਮ ਲੋਕਾਂ ਨੂੰ ਅਖਬਾਰਾਂ, ਰਸਾਲਿਆਂ, ਰੇਡੀਓ ਅਤੇ ਟੀ.ਵੀ. ਦੇ ਮਾਧਿਅਮ ਰਾਹੀਂ ਜਾਗਰੂਕ ਕਰਨਾ ਚਾਹੀਦਾ ਹੈ ਤਾਂ ਜੋ ਇਸ ਦੇ ਬੁਰੇ ਪ੍ਰਭਾਵਾਂ ਬਾਰੇ ਇਸ ਦੀ ਰੋਕਥਾਮ ਦੇ ਢੰਗਾਂ ਬਾਰੇ ਲੋਕ ਜਾਣੂ ਹੋ ਸਕਣ। ਜ਼ਿਲ੍ਹਾ ਲੁਧਿਆਣਾ ਦਾ ਪਿੰਡ ਮਨਸੂਰਾਂ ਗਾਜਰ ਬੂਟੀ ਦੀ ਵਧੀਆ ਢੰਗ ਨਾਲ ਰੋਕਥਾਮ ਕਰਨ ਦੀ ਇਕ ਜਿਉਂਦੀ ਜਾਗਦੀ ਮਿਸਾਲ ਹੈ ਜਿਸ ਨੂੰ ਭਾਰਤ ਦਾ ਪਹਿਲਾ 'ਗਾਜਰ ਬੂਟੀ ਮੁਕਤ ਪਿੰਡ' ਬਣਨ ਦਾ ਮਾਣ ਹਾਸਿਲ ਹੋਇਆ ਹੈ।

ਇਸ ਤਰ੍ਹਾਂ ਸਰਕਾਰੀ, ਗੈਰ ਸਰਕਾਰੀ ਸੰਸਥਾਵਾਂ ਅਤੇ ਆਮ ਲੋਕਾਂ ਦੇ ਸਾਂਝੇ ਉੱਦਮ ਨਾਲ ਹੀ ਇਸ ਨਦੀਨ ਨੂੰ ਕਾਬੂ ਕੀਤਾ ਜਾ ਸਕਦਾ ਹੈ।





# ਸਤੰਬਰ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ ।

**ਝੋਨਾ** : ਝੋਨੇ ਅਤੇ ਬਾਸਮਤੀ ਦੀਆਂ ਫਸਲਾਂ ਤੋਂ ਵਧੀਆ ਝਾੜ ਲੈਣ ਲਈ ਲੋੜ ਅਨੁਸਾਰ ਹੀ ਪਾਣੀ ਦਿਉ ਜਦੋਂ ਖੇਤ ਵਿਚੋਂ ਪਾਣੀ ਜਜ਼ਬ ਹੋਏ ਨੂੰ 2 ਦਿਨ ਹੋ ਗਏ ਹੋਣ ਅਤੇ ਕਟਾਈ ਤੋਂ ਦੋ ਹਫਤੇ ਪਹਿਲਾਂ ਪਾਣੀ ਬੰਦ ਕਰ ਦਿਉ । ਝੋਨੇ ਦੀ ਫਸਲ ਵਿੱਚੋਂ ਨਦੀਨ ਅਤੇ ਵਾਧੂ ਬੂਟੇ ਪੁੱਟ ਦਿਉ ।

ਪੱਤਾ ਲਪੇਟ ਸੁੰਡੀ ਦੀ ਰੋਕਥਾਮ ਲਈ 20 ਮਿ.ਲਿ. ਫੇਮ 480 ਐਸ ਸੀ ਜਾਂ 50 ਗ੍ਰਾਮ ਟਕੂਮੀ 20 ਤਾਕਤ ਜਾਂ 60 ਮਿ.ਲਿ. ਐਸ ਸੀ ਜਾਂ 170 ਗ੍ਰਾਮ ਮੋਰਟਰ 75 ਤਾਕਤ ਜਾਂ 400 ਗ੍ਰਾਮ ਸੁਪਰੀਮੋ 50 ਡਬਲਯੂ ਪੀ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।

ਚਿੱਟੀ ਪਿੱਠ ਵਾਲੇ ਟਿੱਡੇ/ਭੂਰੇ ਟਿੱਡੇ ਕਾਰਨ ਬੂਟੇ ਧੋੜੀਆਂ ਵਿੱਚ ਸੁੱਕ ਜਾਂਦੇ ਹਨ । ਇਸ ਦੀ ਰੋਕਥਾਮ ਲਈ 94 ਮਿਲੀਲਿਟਰ ਪੈਕਸਾਲੋਨ 10 ਐਸ ਸੀ ਜਾਂ 60 ਗ੍ਰਾਮ ਉਲਾਲਾ 50 ਡਬਲਯੂ ਜੀ ਜਾਂ 120 ਗ੍ਰਾਮ ਚੈਸ 50 ਡਬਲਯੂ ਜੀ ਜਾਂ 80 ਗ੍ਰਾਮ ਓਸ਼ੀਨ/ਟੋਕਨ 20 ਐਸ ਜੀ ਜਾਂ 400 ਮਿਲੀਲਿਟਰ ਆਰਕੈਸਟਰਾ 10 ਐਸ ਸੀ ਜਾਂ 300 ਮਿਲੀਲਿਟਰ ਇਮੇਜਿਨ 10 ਐਸ ਸੀ ਜਾਂ 800 ਮਿਲੀਲਿਟਰ ਐਕਾਲਕਸ/ਕੁਇਨਗਾਰਡ/ਕੁਇਨਮਾਸ 25 ਤਾਕਤ ਜਾਂ 80 ਮਿਲੀਲਿਟਰ ਨਿੰਮ ਅਧਾਰਿਤ ਇਕੋਟਿਨ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।

ਝੋਨੇ ਦੀ ਫਸਲ ਵਿਚ ਤਣੇ ਦੇ ਗੜੂੰਏ ਵਧ ਰਹੀ ਫਸਲ ਦੀਆਂ ਗੋਭਾਂ ਅੰਦਰੋਂ ਖਾ ਕੇ ਸੁਕਾ ਦਿੰਦੇ ਹਨ ਅਤੇ ਮੁੰਜਰਾਂ ਪੈਣ ਸਮੇਂ ਹਮਲੇ ਵਾਲੇ ਬੂਟਿਆਂ ਦੀਆਂ ਦਾਣਿਆਂ ਤੋਂ ਸੱਖਣੀਆਂ ਚਿੱਟੇ ਰੰਗ ਦੀਆਂ ਮੁੰਜਰਾਂ ਖੇਤ ਵਿੱਚ ਸਿੱਧੀਆਂ ਖੜ੍ਹੀਆਂ ਦਿਖਾਈ ਦਿੰਦੀਆਂ ਹਨ । ਝੋਨੇ ਦੀ ਫਸਲ ਤੇ ਜਦੋਂ 5 ਪ੍ਰਤੀਸ਼ਤ ਤੋਂ ਜ਼ਿਆਦਾ ਗੋਭਾਂ ਸੁੱਕੀਆਂ ਦਿਖਾਈ ਦੇਣ ਤਾਂ 20 ਮਿਲੀਲਿਟਰ ਫੇਮ 480 ਐਸ ਸੀ ਜਾਂ 170 ਗ੍ਰਾਮ ਮੋਰਟਰ 75 ਤਾਕਤ ਜਾਂ ਇਕ ਲਿਟਰ ਕੋਰੋਬਾਨ/ਡਰਸਬਾਨ/ਲੀਥਲ/ਕਲੋਰਗਾਰਡ/ਡਰਮਟ/ਕਲਾਸਕ/ਫੋਰਸ 20 ਈ ਸੀ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ



ਪ੍ਰਤੀ ਏਕੜ ਛਿੜਕਾਅ ਕਰੋ । ਬਾਸਮਤੀ ਦੀ ਫਸਲ ਜਦੋਂ 2 ਪ੍ਰਤੀਸ਼ਤ ਗੋਭਾਂ ਸੁੱਕੀਆਂ ਨਜ਼ਰ ਆਉਣ ਤਾਂ 20 ਮਿਲੀਲਿਟਰ ਫੇਮ 480 ਐਸ ਸੀ ਜਾਂ 50 ਗ੍ਰਾਮ ਟਕੂਮੀ 20 ਤਾਕਤ ਜਾਂ 60 ਮਿਲੀਲਿਟਰ ਕੋਰਾਜ਼ਨ 18.5 ਐਸ ਸੀ 70 ਗ੍ਰਾਮ ਮੋਰਟਰ 75 ਤਾਕਤ ਜਾਂ 400 ਗ੍ਰਾਮ ਸੁਪਰੀਮੋ 50 ਡਬਲਯੂ ਪੀ ਨੂੰ 100 ਲਿਟਰ ਪਾਣੀ ਵਿਚ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਬਾਸਮਤੀ ਦੀ ਫਸਲ ਜਦੋਂ 2 ਪ੍ਰਤੀਸ਼ਤ ਗੋਭਾਂ ਸੁੱਕੀਆਂ ਨਜ਼ਰ ਆਉਣ ਤਾਂ ਉੱਪਰ ਦਿੱਤੇ ਕੀਟਨਾਸ਼ਕਾਂ ਦੀ ਵਰਤੋਂ ਨਾਲ ਜਾਂ 4 ਕਿਲੋ ਫਰਟੇਰਾ / ਮਾਰਕਟੇਰਾ 0.4 ਜੀ.ਆਰ ਜਾਂ 6 ਕਿਲੋ ਰੀਜੈਂਟ / ਮੋਰਟੈਲ / ਮਿਫਪੋ ਜੀ / ਮਹਾਂਵੀਰ ਜੀ ਆਰ 0.3 ਜੀ ਜਾਂ 10 ਕਿਲੋ ਪਾਦਾਨ / ਕਰੀਟਾਪ / ਸਨਵੈਕਸ / ਕਾਲਡਾਨ / ਨਿਦਾਨ / ਮਿਫਟੈਪ 4 ਜੀ ਜਾਂ 4 ਕਿੱਲੋ ਵਾਈਬਰੇਂਟ 4 ਜੀ ਆਰ ਦੇ ਹਿਸਾਬ ਨਾਲ ਵਰਤ ਕੇ ਵੀ ਕੀਤੀ ਜਾ ਸਕਦੀ ਹੈ । ਡਰਸਬਾਨ / ਰੀਜੈਂਟ / ਪਦਾਨ / ਕਰੀਟਾਪ / ਸਨਵੈਕਸ / ਕਾਲਡਾਨ / ਵਾਈਬਰੇਂਟ ਪੱਤਾ ਲਪੇਟ ਸੁੰਡੀ ਦੀ ਵੀ ਰੋਕਥਾਮ ਕਰਦੇ ਹਨ ।

ਤਣੇ ਦੁਆਲੇ ਪੱਤੇ ਦੇ ਝੁਲਸ ਰੋਗ ਤੋਂ ਬਚਾਉਣ ਲਈ ਵੱਟਾਂ ਅਤੇ ਬੰਨਿਆਂ ਨੂੰ ਘਾਹ ਤੋਂ ਮੁਕਤ ਰੱਖੋ । ਬਿਮਾਰੀ ਦੀਆਂ ਨਿਸ਼ਾਨੀਆਂ ਦਿਸਣ ਤੇ 150 ਮਿ.ਲਿ. ਇਗਲੇਅਰ ਜਾਂ ਪਲਸਰ 24 ਐਸ ਸੀ ਜਾਂ 26.8 ਗ੍ਰਾਮ ਐਸ ਸੀ ਜਾਂ 26.8 ਗ੍ਰਾਮ ਐਪਿਕ 75 ਡਬਲਯੂ ਜੀ ਜਾਂ 400 ਮਿ.ਲਿ ਗਲੈਲਿਓ ਵੇਅ 18.75 ਐਸ ਸੀ ਜਾਂ 80 ਗ੍ਰਾਮ ਨੈਟੀਵੋ 75 ਡਬਲਯੂ ਜੀ ਜਾਂ 320 ਮਿ.ਲਿ. ਲਸਚਰ 37.5 ਐਸ ਈ ਜਾਂ 200 ਮਿ.ਲਿ. ਐਮੀਸਟਾਰ ਟੌਪ 325 ਐਸ ਸੀ / ਟਿਲਟ / ਬੰਪਰ / ਫੋਲੀਕਰ 25 ਈ ਸੀ/ਮੋਨੇਸਰਨ 250 ਐਸ ਸੀ ਨੂੰ 200 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰੋ । ਜੇਕਰ ਮੌਸਮ ਜ਼ਿਆਦਾ ਨਮੀਂ ਅਤੇ ਬੱਦਲਵਾਈ ਵਾਲਾ ਹੋਵੇ ਤਾਂ ਫਸਲ ਨੂੰ ਗੋਭ ਵਿਚ ਆਉਣ ਸਮੇਂ 400 ਮਿ.ਲਿ ਗਲੈਲਿਓ ਵੇਅ 18.75 ਐਸ ਸੀ ਜਾਂ 500 ਗ੍ਰਾਮ ਕੋਸਾਈਡ 46 ਡੀ ਐਫ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕ ਕੇ ਝੂਠੀ ਕਾਂਗਿਆਰੀ ਤੋਂ ਬਚਾਉ ।

**ਮੱਕੀ** : ਮੱਕੀ ਦੀ ਫਸਲ ਨੂੰ ਸਮੇਂ ਸਿਰ ਠੀਕ ਪਾਣੀ ਦਿੰਦੇ ਰਹੋ, ਖਾਸ ਕਰਕੇ ਜਦੋਂ ਮੱਕੀ ਦੇ ਬੂਟੇ



ਸੂਤ ਕੱਤਦੇ ਹੋਣ ਅਤੇ ਬੂਰ ਨਿਕਲਦਾ ਹੋਵੇ । ਇਸ ਸਮੇਂ ਪਾਣੀ ਦੀ ਘਾਟ ਕਾਰਨ ਝਾੜ ਘੱਟ ਜਾਂਦਾ ਹੈ । ਭਾਰੀ ਮੀਂਹ ਪੈਣ ਤੋਂ ਬਾਅਦ ਖੇਤਾਂ ਵਿਚੋਂ ਵਾਧੂ ਪਾਣੀ ਨੂੰ ਕੱਢ ਦੇਣਾ ਚਾਹੀਦਾ ਹੈ ਤਾਂ ਜੋ ਫਸਲ ਨੂੰ ਟਾਂਡੇ ਗਲਣ ਦੇ ਰੋਗ ਤੋਂ ਬਚਾਇਆ ਜਾ ਸਕੇ । ਇਸ ਤੋਂ ਇਲਾਵਾ ਮੱਕੀ ਨੂੰ ਪੱਤਿਆਂ ਅਤੇ ਟਾਂਡੇ ਦੇ ਝੁਲਸ ਰੋਗ ਤੋਂ ਬਚਾਉਣ ਲਈ ਇਸ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤੇ 100 ਮਿ.ਲਿ. ਐਮੀਸਟਾਰ ਟੌਪ 325 ਐਸ ਸੀ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਫਾਲ ਆਰਮੀਵਰਮ ਦੀ ਰੋਕਥਾਮ ਲਈ 0.4 ਕੋਰਾਜਨ 18.5 ਐੱਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 0.5 ਮਿਲੀਲਿਟਰ ਡੈਲੀਗੇਟ 11.7 ਐੱਸ ਸੀ (ਸਪਾਈਨੋਟੋਰਮ) ਜਾਂ 0.4 ਗ੍ਰਾਮ ਮਿਜ਼ਾਈਲ 5 ਐੱਸ ਜੀ (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ । ਫਸਲ ਵੱਡੀ ਹੋਣ ਤੇ ਛਿੜਕਾਅ ਮੁਸ਼ਕਿਲ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਣ (ਲਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲੀਆਂ ਗੋਭਾਂ ਵਿਚ ਪਾ ਕੇ ਫਾਲ ਆਰਮੀਵਰਮ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਮਿਸ਼ਰਣ ਬਣਾਉਣ ਲਈ 5 ਮਿਲੀਲਿਟਰ ਕੋਰਾਜ਼ਨ 18.5 ਐਸ ਸੀ ਜਾਂ ਡੈਲੀਗੇਟ 11.7 ਐਸ ਸੀ ਜਾਂ 5 ਗ੍ਰਾਮ ਮਿਜ਼ਾਈਲ 5 ਐਸ ਜੀ ਜਾਂ 25 ਗ੍ਰਾਮ ਡੇਲੀਫਿਨ ਡਬਲਯੂ ਜੀ ਜਾਂ 25 ਮਿਲੀਲਿਟਰ ਡਾਈਪਲ 8 ਐਸ ਨੂੰ 10 ਮਿਲੀਲਿਟਰ ਪਾਣੀ ਵਿਚ ਘੋਲ ਕੇ ਇਕ ਕਿਲੋ ਮਿੱਟੀ ਵਿਚ ਚੰਗੀ ਤਰ੍ਹਾਂ ਮਿਲਾਉ । ਮਿਸ਼ਰਣ ਬਣਾਉਣ ਸਮੇਂ ਦਸਤਾਨੇ ਜ਼ਰੂਰ ਪਾਓ । ਚਰੇ ਵਾਲੀ ਮੱਕੀ ਵਿਚ ਇਸ ਕੀੜੇ ਦੀ ਰੋਕਥਾਮ ਲਈ 0.4 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਪ੍ਰਤੀ ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ । ਛਿੜਕਾਅ ਉਪਰੰਤ ਮੱਕੀ ਨੂੰ 21 ਦਿਨ ਤੱਕ ਪਸ਼ੂਆਂ ਨੂੰ ਨਾ ਚਾਰੋ ।

**ਨਰਮਾ ਤੇ ਕਪਾਹ** : ਫੁੱਲ ਅਤੇ ਟੀਡੇ ਤੇ ਆਈ ਕਪਾਹ ਦੀ ਫਸਲ ਨੂੰ ਪਾਣੀ ਦੀ ਘਾਟ ਨਾ ਆਉਣ ਦਿਉ । ਨਹੀਂ ਤਾਂ ਫੁੱਲ ਅਤੇ ਟੀਡੇ ਝੜ ਜਾਣਗੇ ਅਤੇ ਝਾੜ ਵੀ ਬਹੁਤ ਘੱਟ ਜਾਵੇਗਾ । ਟੀਡਿਆਂ ਦੇ ਜਲਦੀ ਖਿੜਨ ਲਈ ਅਖੀਰਲਾ ਪਾਣੀ



ਸਤੰਬਰ ਦੇ ਅਖੀਰ ਵਿੱਚ ਦਿਉ । ਜੇਕਰ ਰਸ ਚੂਸਣ ਵਾਲੇ ਕੀੜਿਆਂ ਦਾ ਹਮਲਾ ਆਰਥਿਕ ਨੁਕਸਾਨ ਕਰਨ ਦੀ ਹੱਦ ਤੱਕ ਪਹੁੰਚਦਾ ਨਜ਼ਰ ਆਵੇ ਤਾਂ ਫਸਲ ਤੇ ਛਿੜਕਾਅ ਕਰੋ ।

ਚਿੱਟੀ ਮੱਖੀ ਦੀ ਰੋਕਥਾਮ ਲਈ 200 ਗ੍ਰਾਮ ਕਲਾਸਟੋ 20 ਡਬਲਯੂ ਜੀ ਜਾਂ 400 ਮਿਲੀਲਿਟਰ ਸਫੀਨਾ 50 ਈ ਸੀ ਜਾਂ 60 ਗ੍ਰਾਮ ਓਸ਼ੀਨ 20 ਐਸ ਸੀ ਜਾਂ 200 ਗ੍ਰਾਮ ਪੋਲੋ/ਕਰੇਜ਼/ਰੁਬੀ/ਲੂਡੋ/ਸ਼ੋਕੂ 50 ਡਬਲਯੂ ਪੀ ਜਾਂ 500 ਮਿਲੀਲਿਟਰ ਲੈਨੋ/ਡੈਟਾ 10 ਈ ਸੀ ਜਾਂ 200 ਮਿਲੀਲਿਟਰ ਉਬਰੇਨ/ਵੋਲਟੇਜ 240 ਐਸ ਸੀ ਅਤੇ ਹਰੇ ਤੇਲੇ ਦੀ ਰੋਕਥਾਮ ਲਈ ਕੀਫਨ 15 ਈ ਸੀ ਜਾਂ 60 ਗ੍ਰਾਮ ਓਸ਼ੀਨ 20 ਐਸ ਜੀ ਜਾਂ ਕੀਫਨ 15 ਈ ਸੀ ਜਾਂ 300 ਮਿਲੀਲਿਟਰ ਨਿਓਨ 5 ਈ ਸੀ ਜਾਂ 80 ਗ੍ਰਾਮ ਉਲਾਲਾ 50 ਤਾਕਤ ਜਾਂ 40 ਗ੍ਰਾਮ ਐਕਟਾਰਾ/ਦੋਤਾਰਾ/ਥੋਮਸਨ 25 ਡਬਲਯੂ ਜੀ ਨੂੰ 125-150 ਲਿਟਰ ਪਾਣੀ ਵਿੱਚ ਘੋਲ ਕੇ ਹੱਥ ਨਾਲ ਚੱਲਣ ਵਾਲੇ ਨੈਪਸੈਕ ਪੰਪ ਨਾਲ ਛਿੜਕਾਅ ਕਰੋ । ਟੀਡੇ ਦੀਆਂ ਗੁਲਾਬੀ ਸੁੰਡੀਆਂ ਦੀ ਰੋਕਥਾਮ ਲਈ 100 ਗ੍ਰਾਮ ਪ੍ਰੋਕਲੇਮ 5 ਐਸ ਜੀ ਜਾਂ 500 ਮਿਲੀਲਿਟਰ ਕਿਉਰਾਕਰਾਨ/ਕਰੀਨਾ 50 ਈ ਸੀ ਜਾਂ 200 ਮਿਲੀਲਿਟਰ ਅਵਾਂਟ 15 ਐਸ ਸੀ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਜੇਕਰ 24 ਘੰਟਿਆਂ ਵਿੱਚ ਬਾਰਸ਼ ਹੋ ਜਾਵੇ ਤਾਂ ਛਿੜਕਾਅ ਦੁਬਾਰਾ ਕਰੋ । ਅੱਧ ਸਤੰਬਰ ਤੋਂ ਬਾਅਦ ਸਿੰਥੈਟਿਕ ਪੈਰਾਥਰਾਇਡ ਗਰੁੱਪ ਦੇ ਕੀਟਨਾਸ਼ਕਾਂ ਦੀ ਵਰਤੋਂ ਨਾ ਕਰੋ । ਮਿਲੀਬੱਗ ਦੇ ਹਮਲੇ ਵਾਲੀਆਂ ਕਤਾਰਾਂ/ਬੂਟਿਆਂ ਤੇ ਟਰਾਂਸਫੋਰਮ 21 ਐਸ ਸੀ 150 ਮਿਲੀਲਿਟਰ ਦਾ ਚੰਗੀ ਤਰ੍ਹਾਂ ਛਿੜਕਾਅ ਕਰੋ । ਨਰਮੇ ਤੋਂ ਚੰਗਾ ਝਾੜ ਲੈਣ ਲਈ 2 ਪ੍ਰਤੀਸ਼ਤ ਪੋਟਾਸ਼ੀਅਮ ਨਾਈਟ੍ਰੇਟ 13:0:45 (2 ਕਿਲੋ ਪੋਟਾਸ਼ੀਅਮ ਨਾਈਟਰੇਟ 100 ਲਿਟਰ ਪਾਣੀ ਪ੍ਰਤੀ ਏਕੜ) ਦੇ ਚਾਰ ਛਿੜਕਾਅ ਫੁੱਲ ਨਿਕਲਣ ਵੇਲੇ ਹਫਤੇ ਦੀ ਵਿੱਥ ਤੇ ਕਰੋ । ਫਸਲ ਤੇ ਉੱਲੀ ਦੇ ਧੱਬਿਆਂ ਦੇ ਰੋਗ ਨੂੰ ਰੋਕਣ ਲਈ ਐਮੀਸਟਾਰ ਟੌਪ 325 ਐਸ ਸੀ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿੱਚ ਪਾ ਕੇ 15 ਤੋਂ 20 ਦਿਨਾਂ ਦੇ ਵਕਫੇ ਤੇ ਛਿੜਕਾਅ ਕਰੋ ।

**ਗੰਨਾ** : ਸਤੰਬਰ ਦੇ ਸ਼ੁਰੂ ਵਿੱਚ ਗੰਨਿਆਂ ਦੇ ਮੂਏ ਬੰਨ੍ਹ ਦਿਉ । ਵਧੀਆ ਝਾੜ ਲੈਣ ਲਈ ਖੇਤ ਨੂੰ




ਵਕਤ ਸਿਰ ਪਾਣੀ ਦਿੰਦੇ ਰਹੋ । ਰੱਤਾ ਰੋਗ ਅਤੇ ਉਖੇੜਾ ਰੋਗ ਤੋਂ ਪ੍ਰਭਾਵਤ ਬੂਟੇ ਪੁੱਟ ਕੇ ਨਸ਼ਟ ਕਰ ਦਿਉ । ਇਹ ਕੰਮ ਹਫਤੇ ਦੇ ਵਕਫੇ ਤੇ ਕਰਦੇ ਰਹੋ । ਇਸ ਮਹੀਨੇ ਦੇ ਦੂਸਰੇ ਪੰਦਰਵਾੜੇ ਸੀ ਓ ਪੀ ਬੀ 95, ਸੀ ਓ ਪੀ ਬੀ 96, ਸੀ ਓ 15023, ਸੀ ਓ ਪੀ ਬੀ 92, ਸੀ. ਓ.-118, ਸੀ. ਓ. ਜੇ.-85, ਸੀ. ਓ. ਜੇ.-64 ਦੀ ਬਿਜਾਈ ਸ਼ੁਰੂ ਕਰ ਦਿਉ । ਗੰਨੇ ਦੀ ਕੋ ਕਤਾਰੀ ਖਾਲੀ ਵਿਧੀ ਰਾਹੀਂ ਕਰਨ ਨਾਲ ਸਿੰਚਾਈ ਵਾਲੇ ਪਾਣੀ ਦੀ ਬੱਚਤ, ਫਸਲ ਦੀ ਸੌਖੀ ਬਨਾਈ ਅਤੇ ਝਾੜ ਵਿਚ ਵਾਧਾ ਹੁੰਦਾ ਹੈ । ਫਸਲ ਦੀ ਬਿਜਾਈ 2 ਕਤਾਰਾਂ ਵਿਚ ਇਕ ਫੁੱਟ ਚੌੜੀਆਂ ਅਤੇ 20-25 ਸੈਂਟੀਮੀਟਰ ਡੂੰਘੀਆਂ ਖਾਲੀਆਂ ਵਿਚ ਕਰੋ । ਇਕ ਖਾਲੀ ਤੋਂ ਦੂਸਰੀ ਖਾਲੀ ਵਿਚਕਾਰ ਫਾਸਲਾ 3 ਫੁੱਟ ਰੱਖੋ । ਇਹ ਖਾਲੀਆਂ, ਯੂਨੀਵਰਸਿਟੀ ਵੱਲੋਂ ਤਿਆਰ ਕੀਤੀ ਖਾਲੀਆਂ ਬਨਾਉਣ ਵਾਲੀ ਮਸ਼ੀਨ ਨਾਲ ਬਣਾਈਆਂ ਜਾ ਸਕਦੀਆਂ ਹਨ । ਬਰੋਟੇ (ਗੁੱਲੀਆਂ) ਖਾਲੀਆਂ ਵਿਚ ਰੱਖਣ ਤੋਂ ਬਾਅਦ ਦੋ ਖਾਲੀਆਂ ਵਿਚਕਾਰਲੀ ਮਿੱਟੀ ਨਾਲ ਢੱਕ ਦਿਉ । ਜ਼ਿਆਦਾ ਮੁਨਾਫੇ ਲਈ ਰਲਵੀਆਂ ਫਸਲਾਂ ਜਿਵੇ ਕਿ ਤੋਰੀਆ, ਆਲੂ, ਲਸਣ ਆਦਿ ਬੀਜ ਸਕਦੇ ਹੋ ।

**ਤੇਲ ਬੀਜ** : ਸਤੰਬਰ ਮਹੀਨਾ ਤੋਰੀਆ ਬੀਜਣ ਲਈ ਬਹੁਤ ਹੀ ਵਧੀਆ ਹੈ । ਜੇਕਰ ਸਮੇਂ ਸਿਰ ਖੇਤ ਵਿਹਲਾ ਚਾਹੁੰਦੇ ਹੋ ਤਾਂ ਤੋਰੀਏ ਦੀਆਂ

**ਬਾਕੀ ਸਫਾ 10 'ਤੇ**



# ਫਸਲੀ ਵਿਭਿੰਨਤਾ ਉਪਰਾਲੇ ਸਫਲ ਕਿਉਂ ਨਹੀਂ ਹੋ ਰਹੇ?



ਭਗਵਾਨ ਦਾਸ

ਪਿਛਲੀ ਸ਼ਤਾਬਦੀ ਦੇ 8ਵੇਂ ਦਹਾਕੇ ਦੇ ਮੱਧ ਫਸਲੀ ਵਿਭਿੰਨਤਾ ਲਈ ਉਪਰਾਲੇ ਕੀਤੇ ਜਾ ਰਹੇ ਹਨ, ਪ੍ਰੰਤੂ ਸਫਲਤਾ ਨਹੀਂ ਮਿਲੀ। ਉਪਰਾਲਿਆਂ ਦਾ ਫੋਕਸ ਝੋਨੇ ਦੀ ਕਾਸ਼ਤ ਥੱਲੇ ਰਕਬਾ ਘਟਾਉਣ 'ਤੇ ਰਿਹਾ ਹੈ ਅਤੇ ਇਸ ਦੀ ਥਾਂ ਮਾਹਿਰਾਂ ਵਲੋਂ ਦਿੱਤੇ ਗਏ ਸੁਝਾਅ 'ਤੇ 12 ਲੱਖ ਹੈਕਟੇਅਰ ਰਕਬੇ 'ਤੇ ਦੂਜੀਆਂ ਬਦਲਵੀਆਂ ਫਸਲਾਂ ਦੀ ਕਾਸ਼ਤ ਥੱਲੇ ਹਰ ਸਾਲ ਰਕਬੇ 'ਚ ਵਾਧਾ ਹੋ ਰਿਹਾ ਹੈ। ਹੁਣ ਤਾਂ ਸਗੋਂ ਸ਼ੰਕਾ ਇਹ ਪੈਦਾ ਹੋ ਗਈ ਹੈ ਕਿ ਝੋਨੇ ਦੀ ਕਾਸ਼ਤ ਥੱਲੇ ਰਕਬਾ ਵਧ ਰਿਹਾ ਹੈ ਅਤੇ ਨਰਮੇ-ਕਪਾਹ ਥੱਲੇ (ਜੋ ਫਸਲ ਪੰਜਾਬ ਦਾ ਚਿੱਟਾ ਸੋਨਾ ਗਿਣੀ ਜਾਂਦੀ ਸੀ) ਰਕਬੇ 'ਚ ਕਮੀ ਆ ਰਹੀ ਹੈ। ਸਾਲ 2011-12 'ਚ ਝੋਨੇ ਦੀ ਕਾਸ਼ਤ 28.18 ਲੱਖ ਹੈਕਟੇਅਰ ਰਕਬੇ 'ਤੇ ਕੀਤੀ ਗਈ ਸੀ ਅਤੇ ਨਰਮੇ ਦੀ 5.15 ਲੱਖ ਹੈਕਟੇਅਰ ਰਕਬੇ 'ਤੇ ਕੀਤੀ ਗਈ ਸੀ। ਅੱਜ ਇਸ ਸਾਲ ਝੋਨੇ ਦੀ ਕਾਸ਼ਤ ਥੱਲੇ 32.23 ਲੱਖ ਹੈਕਟੇਅਰ ਰਕਬਾ ਹੈ ਅਤੇ ਕਪਾਹ-ਨਰਮੇ ਦੀ ਕਾਸ਼ਤ ਥੱਲੇ ਕੇਵਲ 99700 ਹੈਕਟੇਅਰ ਰਕਬਾ ਰਹਿ ਗਿਆ ਹੈ। ਝੋਨੇ ਦੀ ਫਸਲ ਤੇ ਐੱਮ.ਐੱਸ. ਪੀ. ਹੋਣ ਕਾਰਨ ਦੂਜੀਆਂ ਫਸਲਾਂ ਦੇ ਮੁਕਾਬਲੇ ਕਿਸਾਨਾਂ ਲਈ ਵਧੇਰੇ ਲਾਭਦਾਇਕ ਹੈ, ਜਦੋਂ ਕਿ ਨਰਮੇ ਦੀ ਫਸਲ 'ਤੇ ਚਿੱਟੀ ਮੱਖੀ ਅਤੇ ਗੁਲਾਬੀ ਸੁੰਡੀ ਦੇ ਹਮਲੇ ਹੋਣ ਕਾਰਨ ਉਸ ਦੀ ਉਤਪਾਦਕਤਾ ਘੱਟ ਗਈ ਹੈ, ਖਰਚਾ ਵਧ ਗਿਆ ਹੈ। ਮੰਡੀ 'ਚ ਵੀ ਕਈ ਸਾਲ ਕਿਸਾਨਾਂ ਨੂੰ ਯੋਗ ਕੀਮਤ ਨਹੀਂ ਮਿਲੀ।

ਸਰਕਾਰ ਵਲੋਂ ਝੋਨੇ ਦੀ ਥਾਂ ਮੁੱਖ ਤੌਰ 'ਤੇ ਮੱਕੀ, ਕਮਾਦ ਤੇ ਨਰਮੇ ਦੀ ਕਾਸ਼ਤ ਵਧਾਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਪਰ ਮੱਕੀ ਥੱਲੇ ਵੀ ਕੋਈ ਖਾਸ ਰਕਬੇ 'ਚ ਵਾਧਾ ਨਹੀਂ ਹੋਇਆ, ਭਾਵੇਂ ਪਿਛਲੇ ਸਾਲ ਦੇ 94000 ਹੈਕਟੇਅਰ ਦੇ ਮੁਕਾਬਲੇ ਥੋੜ੍ਹਾ ਜਿਹਾ ਰਕਬੇ 'ਚ ਵਾਧਾ ਹੋ ਕੇ ਇਸ ਦੀ ਕਾਸ਼ਤ ਇਸ ਸਾਲ 1.18 ਲੱਖ ਹੈਕਟੇਅਰ ਰਕਬੇ 'ਤੇ ਹੋ ਗਈ ਹੈ। ਕੁਝ ਰਕਬਾ ਇਸ ਸਾਲ ਵਧਣ ਦਾ ਕਾਰਨ ਇਸ ਸਾਲ ਕੁਝ ਚੰਗਾ ਭਾਅ ਮਿਲਣਾ ਹੈ। ਬਹਾਰ ਰੁੱਤ ਦੀ ਮੱਕੀ ਦੀ ਤਾਂ ਪਾਣੀ ਦੀ ਲੋੜ ਹੀ ਬਹੁਤ ਜ਼ਿਆਦਾ ਹੈ, ਜੋ ਝੋਨੇ ਨਾਲੋਂ ਕੋਈ ਖਾਸ ਘੱਟ ਨਹੀਂ। ਖਰੀਫ ਦੇ ਮੌਸਮ 'ਚ ਮੱਕੀ ਦੀ ਕਾਸ਼ਤ ਕਿਸਾਨਾਂ ਨੇ ਬਹੁਤੀ ਚਾਰਾ ਤੇ ਇਸ ਦਾ ਆਚਾਰ ਬਣਾਉਣ ਲਈ ਕੀਤੀ ਹੈ। ਮੱਕੀ ਦੀ ਕਾਸ਼ਤ ਵਧਾਉਣ ਲਈ ਸਰਕਾਰ ਵਲੋਂ ਕਈ ਉਤਸ਼ਾਹ ਵੀ ਦਿੱਤੇ ਗਏ, ਜਿਨ੍ਹਾਂ 'ਚ ਬੀਜ 'ਤੇ ਸਬਸਿਡੀ ਸ਼ਾਮਿਲ ਹੈ। ਮੱਕੀ ਦੀ ਕਾਸ਼ਤ 2011-12 'ਚ 1.26 ਲੱਖ ਹੈਕਟੇਅਰ ਰਕਬੇ 'ਤੇ ਕੀਤੀ ਗਈ ਸੀ। ਸਬਜ਼ ਇਨਕਲਾਬ ਤੋਂ ਬਾਅਦ ਇਸ ਦੀ ਕਾਸ਼ਤ ਥੱਲੇ ਸਾਲ 1970-71 'ਚ ਰਕਬਾ ਵਧ ਕੇ 5.55 ਲੱਖ ਹੈਕਟੇਅਰ ਤੱਕ ਹੋ ਗਿਆ ਸੀ। ਭਾਰਤ 'ਚ ਮੱਕੀ ਦੀ ਪੈਦਾਵਾਰ 36 ਮਿਲੀਅਨ ਟਨ ਹੈ, ਜਦੋਂ ਕਿ ਮੱਕੀ ਦੀ ਮੰਗ 'ਤੇ ਲੋੜ 41 ਮਿਲੀਅਨ ਟਨ ਨਾਲ ਪੂਰੀ ਕੀਤੀ ਜਾ ਸਕਦੀ ਹੈ। ਕੇਂਦਰ ਸਰਕਾਰ ਦੀ ਮੱਕੀ ਸੰਬੰਧੀ ਨੀਤੀ ਕਿਸਾਨ-ਹਿਤੂ ਨਹੀਂ। ਕੇਂਦਰ ਨੇ ਪਿੱਛੇ ਜਿਹੇ 4.98 ਲੱਖ ਟਨ ਮੱਕੀ ਨੈਫੇਡ ਰਾਹੀਂ ਆਯਾਤ ਕੀਤੀ ਹੈ। ਮੁਰਕੀ ਪਾਲਣ ਐਸੋਸੀਏਸ਼ਨ ਅਤੇ ਫੀਡ ਮੈਨੂਫੈਕਚਰਜ਼ ਐਸੋਸੀਏਸ਼ਨ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਮੱਕੀ 'ਤੇ ਜੋ 15 ਪ੍ਰਤੀਸ਼ਤ ਦਰਾਮਦ ਕਰ ਲਗਾਇਆ ਹੋਇਆ ਹੈ, ਉਸ ਤੋਂ ਜ਼ੀਰੋ ਪ੍ਰਤੀਸ਼ਤ ਕਰ ਦਿੱਤਾ ਜਾਏ ਅਤੇ ਨੈਫੇਡ ਤੋਂ ਇਲਾਵਾ ਹੋਰ ਨਿੱਜੀ ਫੀਡ ਤਿਆਰ ਕਰਨ ਵਾਲਿਆਂ ਅਤੇ ਵਪਾਰੀਆਂ ਨੂੰ ਵੀ ਇਸ ਦੀ ਸਿੱਧੀ ਦਰਾਮਦ ਦੀ ਆਗਿਆ ਦਿੱਤੀ ਜਾਏ। ਇਸ ਦੀ ਕੇਂਦਰ ਦੇ ਡੇਅਰੀ, ਪਸ਼ੂ ਪਾਲਣ ਅਤੇ ਮੱਛੀ ਪਾਲਣ ਮੰਤਰਾਲਿਆਂ ਨੇ ਵੀ ਸਿਫਾਰਸ਼ ਕੀਤੀ ਹੈ। ਜੇ ਕੇਂਦਰ ਵਲੋਂ ਮੱਕੀ ਦੀ ਦਰਾਮਦ ਖੁੱਲ੍ਹੀ ਕਰ ਦਿੱਤੀ ਜਾਂਦੀ ਹੈ, ਜੋ ਕਿਸਾਨਾਂ ਦੇ ਹਿੱਤ 'ਚ ਨਹੀਂ, ਤਾਂ ਮੱਕੀ ਕਾਸ਼ਤ ਥੱਲੇ ਰਕਬਾ ਹੋਰ ਵੀ ਘੱਟ ਜਾਣ ਦੀ ਸੰਭਾਵਨਾ ਹੈ। ਕਿਸਾਨ ਜਥੇਬੰਦੀਆਂ ਵਲੋਂ ਸਰਕਾਰ ਦੀ ਮੱਕੀ ਸੰਬੰਧੀ ਨੀਤੀ ਦੀ ਵਿਰੋਧਤਾ ਕੀਤੀ ਜਾ ਰਹੀ ਹੈ।

ਕਮਾਦ ਦੀ ਕਾਸ਼ਤ ਵੀ ਕੇਵਲ 94,558 ਹੈਕਟੇਅਰ ਰਕਬੇ 'ਤੇ ਹੋਈ ਹੈ। ਇਸ ਦੀ ਕਾਸ਼ਤ ਥੱਲੇ ਸਾਲ 1995-96 'ਚ 1.36 ਲੱਖ ਹੈਕਟੇਅਰ ਰਕਬਾ ਸੀ। ਕੇਵਲ ਇਕ ਬਾਸਮਤੀ ਦੀ ਕਾਸ਼ਤ ਥੱਲੇ ਰਕਬੇ 'ਚ ਵਾਧਾ ਹੋਇਆ ਹੈ, ਜੋ ਪਿਛਲੇ ਸਾਲ (ਸਾਲ 2023 'ਚ) 5.96 ਲੱਖ ਹੈਕਟੇਅਰ ਰਕਬੇ 'ਤੇ ਬੀਜੀ ਗਈ ਸੀ ਅਤੇ ਇਸ ਸਾਲ ਇਸ ਦੀ ਕਾਸ਼ਤ ਥੱਲੇ ਪਿਛਲੇ ਹਫਤੇ ਦੇ ਸ਼ੁਰੂ ਤੱਕ 6.40 ਲੱਖ ਹੈਕਟੇਅਰ ਰਕਬਾ ਆ ਗਿਆ। ਇਸ ਦੇ 7 ਲੱਖ ਹੈਕਟੇਅਰ ਰਕਬੇ ਤੱਕ ਛੂਹ ਜਾਣ ਦੀ ਸੰਭਾਵਨਾ ਹੈ। ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਨਿਰਦੇਸ਼ਕ ਡਾ. ਜਸਵੰਤ ਸਿੰਘ ਅਨੁਸਾਰ ਸਰਕਾਰ ਦਾ ਟੀਚਾ 10 ਲੱਖ ਹੈਕਟੇਅਰ ਤੱਕ ਰਕਬਾ ਬਾਸਮਤੀ ਦੀ ਕਾਸ਼ਤ ਥੱਲੇ ਲਿਆਉਣ ਦਾ ਹੈ। ਬਾਸਮਤੀ ਦੇ ਅੰਤਰਰਾਸ਼ਟਰੀ ਸ਼ੋਹਰਤ ਦੇ ਬਰੀਡਰ ਅਤੇ ਆਈ. ਸੀ. ਏ. ਆਰ.-ਇੰਡੀਅਨ ਐਗਰੀਕਲਚਰਲ ਰਿਸਰਚ ਇਸਟੀਚਿਊਟ ਦੇ ਸਾਬਕਾ ਡਾਇਰੈਕਟਰ ਤੇ ਉਪ ਕੁਲਪਤੀ ਡਾ. ਅਸ਼ੋਕ ਕੁਮਾਰ ਸਿੰਘ ਕਹਿੰਦੇ ਹਨ ਕਿ ਪੰਜਾਬ 'ਚ 9 ਲੱਖ ਹੈਕਟੇਅਰ ਰਕਬਾ ਆਸਾਨੀ ਨਾਲ ਬਾਸਮਤੀ ਦੀ ਕਾਸ਼ਤ ਥੱਲੇ ਲਿਆਉਣ ਦੀ ਸੰਭਾਵਨਾ ਹੈ। ਇਸ ਸਾਲ ਬਾਸਮਤੀ ਦਾ ਲਾਹੇਵੰਦ 4500-5500 ਰੁਪਏ ਤੱਕ ਭਾਅ ਕਿਸਾਨਾਂ ਨੂੰ ਮਿਲਿਆ ਹੈ। ਮਾਹਿਰਾਂ ਅਨੁਸਾਰ ਬਾਸਮਤੀ ਦੀ ਕਾਸ਼ਤ ਦਾ ਭਵਿੱਖ ਉੱਜਵਲ ਹੈ। ਸਾਲ 2012-13 'ਚ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਝੋਨੇ ਦੀ ਕਾਸ਼ਤ ਥੱਲੇ 12 ਲੱਖ ਹੈਕਟੇਅਰ ਰਕਬਾ ਘਟਾਉਣ ਦੀ ਯੋਜਨਾ ਬਣਾਈ ਸੀ, ਜਿਸ ਦੀ ਉੱਘੇ ਖੇਤੀ ਅਰਥ ਸ਼ਾਸਤਰੀ ਡਾ. ਸਰਦਾਰਾ ਸਿੰਘ ਜੌਹਲ ਵਲੋਂ ਪ੍ਰੋੜ੍ਹਤਾ ਕੀਤੀ ਗਈ ਸੀ ਪਰ ਇਸ 'ਚ ਕਾਮਯਾਬੀ ਨਹੀਂ ਮਿਲੀ। ਝੋਨੇ ਦੀ ਕਾਸ਼ਤ ਵਧਣ ਨਾਲ ਜ਼ਮੀਨ ਥੱਲੇ ਪਾਣੀ ਡੂੰਘਾ ਹੋ ਰਿਹਾ ਹੈ। ਡੂੰਘਾਈ ਔਸਤਨ 1 ਮੀਟਰ ਸਾਲਾਨਾ ਦੀ ਦਰ ਨਾਲ ਵਧ ਰਹੀ ਹੈ। ਕਈ ਥਾਵਾਂ 'ਤੇ 4 ਮੀਟਰ ਤੱਕ ਜ਼ਮੀਨ ਥੱਲੇ ਪਾਣੀ ਦੀ ਡੂੰਘਾਈ ਵਧੀ ਹੈ। ਪੰਜਾਬ 'ਚ ਜ਼ਮੀਨ ਥੱਲੇ ਪਾਣੀ ਦਾ ਪੱਧਰ ਤੇਜ਼ੀ ਨਾਲ ਸਭ ਰਾਜਾਂ ਦੇ ਮੁਕਾਬਲੇ ਪੰਜਾਬ ਵਿਚ ਡਿੱਗ ਰਿਹਾ ਹੈ। ਪੀ.ਏ.ਯੂ. ਦੇ ਉਪਕੁਲਪਤੀ ਡਾ. ਸਤਬੀਰ ਸਿੰਘ ਗੋਸਲ ਦਾ ਕਹਿਣਾ ਹੈ ਕਿ ਜੇ ਰਾਜ 'ਚ ਜ਼ਮੀਨ ਥੱਲੇ ਪਾਣੀ ਦਾ ਪੱਧਰ ਡਿੱਗਣ 'ਤੇ ਕਾਬੂ ਨਾ ਪਾਇਆ ਗਿਆ ਤਾਂ ਕੁਝ ਸਾਲ ਬਾਅਦ ਖਤਰਾ ਹੈ ਕਿ ਪੰਜਾਬ ਕਿਤੇ ਰੇਗਿਸਤਾਨ ਹੀ ਨਾ ਬਣ ਜਾਏ। ਇਕ ਅਨੁਮਾਨ ਅਨੁਸਾਰ ਇਕ ਕਿਲੋ ਚੌਲ ਪੈਦਾ ਕਰਨ ਲਈ 3367 ਲੀਟਰ ਪਾਣੀ ਦੀ ਖਪਤ ਹੁੰਦੀ ਹੈ। ਪੰਜਾਬ ਕੇਂਦਰ ਦੇ ਚੌਲ ਭੰਡਾਰ 'ਚ 23 ਪ੍ਰਤੀਸ਼ਤ ਯੋਗਦਾਨ ਪਾ ਰਿਹਾ ਹੈ। ਕਣਕ ਦਾ ਯੋਗਦਾਨ 46 ਤੋਂ 50 ਪ੍ਰਤੀਸ਼ਤ ਤੱਕ ਹੈ। ਇਸ ਤਰ੍ਹਾਂ ਪੰਜਾਬ ਦਾ ਕੁਦਰਤੀ ਪਾਣੀ ਦਾ ਖਜ਼ਾਨਾ ਦੂਜੇ ਸੂਬਿਆਂ ਨੂੰ ਵੇਚਿਆ ਜਾ ਰਿਹਾ ਹੈ। ਕੇਂਦਰ ਵਲੋਂ ਪੰਜਾਬ ਦੀ ਕਿਸਾਨੀ ਦੀ ਖੁੱਲ੍ਹੇ ਦਿਲ ਨਾਲ ਮਦਦ ਕਰਨੀ ਬਣਦੀ ਹੈ। ਝੋਨੇ ਦੀ ਕਾਸ਼ਤ ਘਟਾਉਣ ਲਈ ਪੰਜਾਬ ਸਰਕਾਰ ਵਲੋਂ ਉਨ੍ਹਾਂ ਕਿਸਾਨਾਂ ਨੂੰ, ਜੋ ਝੋਨੇ ਦੀ ਕਾਸ਼ਤ ਛੱਡ ਕੇ ਹੋਰ ਫਸਲਾਂ ਬੀਜਣਗੇ 7000 ਰੁਪਏ ਪ੍ਰਤੀ ਏਕੜ ਦੀ ਸਬਸਿਡੀ ਦਿੱਤੀ ਜਾ ਰਹੀ ਹੈ, ਜਿਸ 'ਚ ਕੇਂਦਰ ਦਾ 60 ਪ੍ਰਤੀਸ਼ਤ ਹਿੱਸਾ ਹੋਵੇਗਾ। ਝੋਨੇ ਦੀ ਸਿੱਧੀ ਬਿਜਾਈ, ਜਿਸ 'ਚ ਪਾਣੀ ਦੀ ਖਪਤ ਘੱਟ ਦੱਸੀ ਜਾਂਦੀ ਹੈ, ਲਈ ਪੰਜਾਬ ਸਰਕਾਰ 1500 ਰੁਪਏ ਪ੍ਰਤੀ ਏਕੜ ਦੀ ਸਬਸਿਡੀ ਦੇ ਰਹੀ ਹੈ, ਜਿਸ ਲਈ ਇਸ ਸਾਲ 30 ਕਰੋੜ ਰੁਪਏ ਰਾਖਵੇਂ ਰੱਖੇ ਗਏ ਸਨ। ਪਿਛਲੇ ਸਾਲ ਸਿੱਧੀ ਬਿਜਾਈ ਲਈ ਕਿਸਾਨਾਂ ਨੂੰ 20.33 ਕਰੋੜ ਰੁਪਿਆ ਸਬਸਿਡੀ ਵਜੋਂ ਦਿੱਤਾ ਗਿਆ ਸੀ ਅਤੇ 1.72 ਲੱਖ ਏਕੜ 'ਤੇ ਸਿੱਧੀ ਬਿਜਾਈ ਹੋਈ ਸੀ, ਇਸ ਸਾਲ ਰਕਬਾ ਵੱਧ ਕੇ 2.48 ਲੱਖ ਏਕੜ ਹੋ ਗਿਆ। ਪ੍ਰੰਤੂ ਸਰਕਾਰ ਵਲੋਂ ਕੀਤੇ ਗਏ ਇਹ ਸਾਰੇ ਉਪਰਾਲੇ ਝੋਨੇ ਦੀ ਕਾਸ਼ਤ ਥੱਲੇ ਦਾ ਰਕਬਾ ਘਟਾਉਣ ਵਿਚ ਅਸਫਲ ਰਹੇ ਹਨ।

ਫਲਾਂ ਤੇ ਸਬਜ਼ੀਆਂ ਦੀ ਕਾਸ਼ਤ ਥੱਲੇ ਦੀ ਰਕਬਾ ਵਧਾਉਣ ਦੀ ਗੁੰਜਾਇਸ਼ ਹੈ। ਫਲਾਂ ਦੀ ਕਾਸ਼ਤ ਥੱਲੇ 97 ਹਜ਼ਾਰ ਹੈਕਟੇਅਰ ਤੋਂ ਰਕਬਾ ਵਧਾਇਆ ਜਾ ਸਕਦਾ ਹੈ ਅਤੇ ਸਬਜ਼ੀਆਂ ਦੀ ਕਾਸ਼ਤ ਥੱਲੇ ਦੀ ਰਕਬਾ ਵਧਾਉਣ ਲਈ ਮੰਡੀਕਰਨ 'ਚ ਸੁਧਾਰ ਲਿਆਉਣ ਦੀ ਲੋੜ ਹੈ। ਇਸ ਵੇਲੇ ਸਬਜ਼ੀਆਂ ਦੇ ਖਪਤਕਾਰਾਂ ਵਲੋਂ ਦਿੱਤੀ ਜਾ ਰਹੀ ਕੀਮਤ ਦਾ ਬਹੁਤ ਘੱਟ ਹਿੱਸਾ ਹੀ ਕਿਸਾਨਾਂ ਦੇ ਪੱਲੇ ਪੈ ਰਿਹਾ ਹੈ।

# ਕੀੜਿਆਂ ਤੋਂ ਬਚਾਅ ਲਈ ਨੈੱਟ ਹਾਊਸ 'ਚ ਬੈਂਗਣਾਂ ਦੀ ਕਾਸ਼ਤ

ਬੈਂਗਣ ਦੀ ਕਾਸ਼ਤ ਪੱਤਝੜ, ਬਹਾਰ, ਗਰਮੀ ਅਤੇ ਬਰਸਾਤ ਦੀ ਰੁੱਤ ਵਿਚ ਕੀਤੀ ਜਾ ਸਕਦੀ ਹੈ। ਬੈਂਗਣ ਦੀ ਕਾਸ਼ਤ ਦੌਰਾਨ ਸਭ ਤੋਂ ਵੱਡੀ ਸਮੱਸਿਆ ਤਣੇ ਅਤੇ ਫਲ ਦੀ ਸੁੰਡੀ ਹੈ। ਜਿਹੜੀ ਆਮ ਤੌਰ 'ਤੇ 50-70 ਫੀਸਦੀ ਤੱਕ ਫਲ ਕਾਣੇ ਕਰ ਦਿੰਦੀ ਹੈ। ਬੈਂਗਣ ਦੇ ਇਸ ਕੀੜੇ ਤੋਂ ਛੁਟਕਾਰਾ ਪਾਉਣ ਲਈ ਬੈਂਗਣਾਂ ਦੀ ਕਾਸ਼ਤ ਨੈੱਟ ਹਾਊਸ 'ਚ ਕੀਤੀ ਜਾ ਸਕਦੀ ਹੈ।

ਨੈੱਟ ਹਾਊਸ ਅੰਦਰ ਪੈਦਾ ਕੀਤੇ ਪੌਦੇ ਜਾਲੀ ਕਾਰਨ ਬਾਹਰਲੇ ਕੀੜਿਆਂ ਦੇ ਸੰਪਰਕ ਵਿਚ ਨਹੀਂ ਆ ਸਕਦੇ ਅਤੇ ਬੈਂਗਣਾਂ ਦਾ ਬੂਟਾ ਨੁਕਸਾਨ ਤੋਂ ਬਚ ਜਾਂਦਾ ਹੈ। ਜ਼ਿਆਦਾ ਆਮਦਨ ਲੈਣ ਲਈ ਬੈਂਗਣਾਂ ਦੀਆਂ ਕਿਸਮਾਂ ਦੀ ਚੋਣ ਕੀਤੀ ਜਾ ਸਕਦੀ ਹੈ। ਕਾਸ਼ਤ ਲਈ ਦੋਗਲੀ ਕਿਸਮ 28-2 ਦੀ ਸਿਫਾਰਸ਼ ਕੀਤੀ ਜਾਂਦੀ ਹੈ। ਇਸ ਦੇ ਪੌਦੇ ਸੰਘਣੇ, ਪੱਤੇ ਹਰੇ-ਜਾਮਣੂੰ, ਫਲ ਲੰਬੂਤਰੇ ਅਤੇ ਗੂੜ੍ਹੇ ਜਾਮਣੀ ਹੁੰਦੇ ਹਨ। ਫਲ ਦਾ ਔਸਤਨ ਭਾਰ 225 ਗਰਾਮ ਅਤੇ ਔਸਤਨ ਝਾੜ 41 ਕੁਇੰਟਲ ਪ੍ਰਤੀ ਕਨਾਲ ਲਿਆ ਜਾ ਸਕਦਾ ਹੈ।

**ਪਨੀਰੀ ਤਿਆਰ ਕਰਨੀ**

ਪਨੀਰੀ ਨੂੰ ਹਮੇਸ਼ਾਂ 40 ਘਣਤਾ ਵਾਲੀ ਜਾਲੀ ਹੇਠ ਤਿਆਰ ਕਰਨਾ ਚਾਹੀਦਾ ਹੈ। ਇਕ ਕਨਾਲ ਬੈਂਗਣ ਦੀ ਕਾਸ਼ਤ ਲਈ 20 ਗ੍ਰਾਮ ਬੀਜ ਪਟੜੀਆਂ 'ਤੇ ਬੀਜੋ। ਖੇਤ ਵਿਚ ਪਟੜੀਆਂ ਬਣਾਉਣ ਲਈ ਆਧੁਨਿਕ ਮਸ਼ੀਨ ਦੀ ਵਰਤੋਂ ਕੀਤੀ ਜਾ ਸਕਦੀ ਹੈ।

ਇਹ ਬਿਜਾਈ ਬਰਸਾਤ ਦੀ ਫਸਲ ਵਾਸਤੇ ਅੱਧ ਜੂਨ ਅਤੇ ਬਹਾਰ ਦੀ ਫਸਲ ਵਾਸਤੇ ਨਵੰਬਰ ਵਿਚ ਬੀਜੀ ਜਾ ਸਕਦੀ ਹੈ। ਸਰਦੀ ਦੇ ਮੌਸਮ ਵਿਚ ਪਨੀਰੀ ਨੂੰ ਪਲਾਸਟਿਕ ਸ਼ੀਟ ਨਾਲ ਢਕਿਆ ਜਾਂਦਾ ਹੈ।

**ਪਨੀਰੀ ਦੀ ਪੁਟਾਈ ਅਤੇ ਲੁਆਈ**

ਜਦੋਂ ਪਨੀਰੀ ਚਾਰ ਤੋਂ ਛੇ ਪੱਤੇ ਹੋ ਜਾਵੇ ਤਾਂ ਪੱਟ ਕੇ ਖੇਤ ਵਿਚ ਲਾਉਣ ਜਾਂ ਵੇਚਣਯੋਗ ਹੋ ਜਾਂਦੀ ਹੈ। ਲਾਈਨ ਤੋਂ ਲਾਈਨ ਦਾ ਫਰਕ 90 ਸੈ. ਮੀ. ਅਤੇ ਬੂਟੇ ਤੋਂ ਬੂਟੇ ਦਾ ਫਰਕ 30 ਸੈ. ਮੀ. ਰੱਖਿਆ ਜਾ ਸਕਦਾ ਹੈ। ਇਸ ਤਰ੍ਹਾਂ ਇਕ ਕਨਾਲ ਵਾਲੇ 1850 ਬੂਟਿਆਂ ਦੀ ਲੋੜ ਪੈਂਦੀ ਹੈ। ਖਾਦਾਂ ਦੀ ਵਰਤੋਂ



ਲੋੜ ਅਤੇ ਮੌਸਮ ਮੁਤਾਬਿਕ ਜਾਂ ਬਾਗਬਾਨੀ ਵਿਭਾਗ ਦੇ ਮਾਹਿਰਾਂ ਅਨੁਸਾਰ ਕੀਤੀ ਜਾ ਸਕਦੀ ਹੈ। ਖੁਸ਼ਕ ਅਤੇ ਗਰਮ ਮੌਸਮ ਵਿਚ 4-5 ਦਿਨਾਂ ਬਾਅਦ ਪਾਣੀ ਦੀ ਲੋੜ ਰਹਿੰਦੀ ਹੈ। ਪਾਣੀ ਦੀ ਮਾਤਰਾ ਮੌਸਮ ਦੇ ਹਾਲ ਅਤੇ ਜ਼ਮੀਨ 'ਤੇ ਵੀ ਨਿਰਭਰ ਕਰਦੀ ਹੈ। ਰੇਤਲੀਆਂ ਜ਼ਮੀਨਾਂ ਲਈ ਭਾਰੀਆਂ ਜ਼ਮੀਨਾਂ ਦੇ ਮੁਕਾਬਲੇ ਜ਼ਿਆਦਾ ਪਾਣੀ ਚਾਹੀਦਾ ਹੈ। ਨੈੱਟ ਹਾਊਸ ਅੰਦਰ ਪਾਣੀ ਦੀ ਸਪਲਾਈ ਅੰਡਰ ਗ੍ਰਾਊਂਡ ਪਾਈਪਾਂ ਰਾਹੀਂ ਕਰਨੀ ਚਾਹੀਦੀ ਹੈ। ਜੇਕਰ ਇਹ ਸਹੂਲਤ ਨਾ ਹੋਵੇ ਤਾਂ ਜਾਲੀ ਨੂੰ ਜ਼ਮੀਨ ਵਿਚ ਚੰਗੀ ਤਰ੍ਹਾਂ ਦੱਬ ਕੇ ਰੱਖੋ। ਖੁੱਲ੍ਹੇ ਖਾਲ ਦਾ ਪਾਣੀ ਜਾਲੀ ਵਿੱਚੋਂ ਦੀ ਪੁਣ ਕੇ ਜਾਵੇਗਾ ਤਾਂ ਕੀੜਿਆਂ ਦੇ ਅੰਡੇ, ਸੁੰਡੀਆਂ, ਪਤੰਗੇ ਆਦਿ ਅੰਦਰ ਨਹੀਂ ਜਾ ਸਕਣਗੇ। ਬਰਸਾਤ ਦੇ ਮੌਸਮ ਵਿਚ ਬੂਟਿਆਂ ਦਾ ਵਾਧਾ ਹੋਰ ਵੀ ਜ਼ਿਆਦਾ ਹੋ ਜਾਂਦਾ ਹੈ।


ਜਿਸ ਕਰਕੇ ਬੂਟੇ ਆਪਸ ਵਿਚ ਉਲਝ ਜਾਂਦੇ ਹਨ ਅਤੇ ਇਕ-ਦੂਸਰੇ ਨੂੰ ਛਾਂ ਵੀ ਕਰਦੇ ਹਨ। ਇਸ ਕਾਰਨ ਫਲ ਅਤੇ ਫੁੱਲ ਘੱਟ ਲਗਦਾ ਹੈ। ਇਨ੍ਹਾਂ ਹਾਲਤਾਂ ਵਿਚ ਬੈਂਗਣ ਦੇ ਬੂਟਿਆਂ ਦੇ ਮੁੱਢਲੇ ਦੋ ਤਣੇ ਰੱਖ ਕੇ ਸਿਧਾਈ ਕਰ ਲੈਣੀ ਚਾਹੀਦੀ ਹੈ। ਜਦੋਂ ਫਲ ਪੂਰਾ ਅਕਾਰ ਲੈ ਲੈਣ, ਨਰਮ ਅਤੇ ਚਮਕਦੇ ਹੋਣ, ਤੋੜ ਲੈਣੇ ਚਾਹੀਦੇ ਹਨ। ਤੁੜਾਈ 4-5 ਦਿਨ ਦੇ ਵਕਫੇ ਨਾਲ ਕਰਦੇ ਰਹੋ ਅਤੇ ਵੇਚਣ ਲਈ ਮੰਡੀ ਵਿਚ ਲੈ ਜਾਓ।

------- ਬਾਕੀ ਸਫਾ 8 ਦੀ -------

# ਸਤੰਬਰ ਮਹੀਨੇ ਦੇ ਖੇਤੀ ਰੁਝੇਵੇਂ

ਥੋੜ੍ਹਾ ਸਮਾਂ ਲੈਣ ਵਾਲੀਆਂ ਟੀ. ਐਲ.-17 ਜਾਂ ਪੀ.ਬੀ.ਟੀ-37 ਜਾਂ ਟੀ.ਐਲ-15 ਕਿਸਮਾਂ ਬੀਜੋ। ਤੋਰੀਆ ਬੀਜਣ ਸਮੇਂ ਖੇਤ ਵਿਚ 55 ਕਿਲੋ ਯੂਰੀਆ ਅਤੇ 50 ਕਿਲੋ ਸਿੰਗਲ ਸੁਪਰਫਾਸਫੇਟ ਪਾਉ। ਜੇਕਰ ਸੁਪਰਫਾਸਫੇਟ ਖਾਦ ਨਾ ਮਿਲੇ ਤਾਂ 80 ਕਿਲੋ ਜਿਸਪਮ ਪ੍ਰਤੀ ਏਕੜ ਖਾਸ ਕਰਕੇ ਗੰਧਕ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ ਨਾਈਟ੍ਰੋਜਨ ਤੇ ਫਾਸਫੋਰਸ ਵਾਲੀਆਂ ਖਾਦਾਂ ਦੇ ਨਾਲ ਜ਼ਰੂਰ ਪਾਉ। ਤੇਲ ਬੀਜਾਂ ਦਾ ਵਧੇਰੇ ਝਾੜ ਲੈਣ ਲਈ ਤੋਰੀਆ ਅਤੇ ਗੋਭੀ ਸਰ੍ਹੋਂ ਇਕੱਠੇ ਅੱਧ ਸਤੰਬਰ ਨੂੰ ਬੀਜ ਦਿਓ। ਬਿਜਾਈ 22.5 ਸੈਂਟੀਮੀਟਰ ਦੂਰੀ ਦੀਆਂ ਕਤਾਰਾਂ ਵਿੱਚ ਕਰੋ।

**ਮੂੰਗਫਲੀ** : ਡੋਡੀਆਂ ਤੇ ਆਈ ਫਸਲ ਨੂੰ ਪਾਣੀ ਦੀ ਘਾਟ ਨਾ ਆਉਣ ਦਿਉ, ਨਹੀਂ ਤਾਂ ਮੂੰਗਫ਼ਲੀ ਦਾ ਝਾੜ



ਬਹੁਤ ਹੀ ਘੱਟ ਜਾਵੇਗਾ। ਟਿੱਕਾ ਰੋਗ ਤੋਂ ਬਚਾਉਣ ਲਈ ਅਗਸਤ ਦੇ ਪਹਿਲੇ ਹਫਤੇ ਤੋਂ 500-750 ਗ੍ਰਾਮ ਘੁਲਣਸ਼ੀਲ ਸਲਫਰ ਨੂੰ 200-300 ਲਿਟਰ ਪਾਣੀ ਵਿੱਚ ਘੋਲ ਕੇ ਜਾਂ ਬਾਵਿਸਟਨ / ਡੈਰੋਸਨ / ਐਗਰੋਜ਼ਿਮ 50-60 ਗ੍ਰਾਮ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਮੂੰਗਫਲੀ ਦੀ ਫਸਲ ਤੇ ਛਿੜਕਾਅ ਸ਼ੁਰੂ ਕਰੋ ਅਤੇ 15 ਦਿਨਾਂ ਦੇ ਵਕਫੇ ਤੇ 3-4 ਛਿੜਕਾਅ ਦੁਹਰਾਉ।

**ਹਰੇ ਚਾਰੇ** : ਸਤੰਬਰ ਦੇ ਅੱਧ ਵਿੱਚ ਚਾਰੇ ਲਈ ਮੱਕੀ (ਜੇ-1007 ਅਤੇ ਜੇ-1006) ਬੀਜ ਦਿਉ। ਬਰਸੀਮ ਲਈ ਖੇਤ ਤਿਆਰ ਕਰ ਲਉ ਅਤੇ ਅਖੀਰਲੇ ਹਫਤੇ ਬੀਜ ਦਿਉ। ਬੀਜਣ ਸਮੇਂ ਬਰਸੀਮ ਵਿੱਚ ਜਵੀ ਅਤੇ ਸਰ੍ਹੋਂ ਰਲਾ ਦਿਉ ਤਾਂ ਜੋ ਪਹਿਲੀ ਕਟਾਈ ਭਰਵੀਂ ਮਿਲੇ। ਬਰਸੀਮ ਦਾ ਬੀਜ ਕਾਸ਼ਨੀ ਰਹਿਤ ਹੋਣਾ ਚਾਹੀਦਾ ਹੈ। ਬੀਜਣ ਤੋਂ ਪਹਿਲਾਂ ਬੀਜ ਨੂੰ ਰਾਈਜ਼ੋਬੀਅਮ ਦੇ ਟੀਕੇ ਨਾਲ ਸੋਧ ਲਉ। ਬਰਸੀਮ ਦੀ ਬਿਜਾਈ ਸਮੇਂ 22 ਕਿਲੋ



ਯੂਰੀਆ ਅਤੇ 185 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਪਾਉ। ਜੇਕਰ ਖੇਤ ਵਿੱਚ 6 ਟਨ ਗਲੀ-ਸੜੀ ਰੂੜੀ ਪਾਈ ਹੋਵੇ ਤਾਂ 125 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਪਾਉ। ਬਰਸੀਮ ਵਿੱਚ ਜੇਕਰ ਰਾਈ ਘਾਹ ਮਿਲਾ ਕੇ ਬੀਜਿਆ ਹੋਵੇ ਤਾਂ 22 ਕਿਲੋ ਯੂਰੀਆ ਖਾਦ ਹਰ ਕਟਾਈ ਮਗਰੋਂ ਪਾਓ। ਮੱਕੀ, ਬਾਜਰੇ ਦੇ ਵਾਧੂ ਹਰੇ ਚਾਰੇ ਦਾ ਆਚਾਰ ਬਣਾ ਲਉ ਤਾਂ ਕਿ ਹਰੇ ਚਾਰੇ ਦੀ ਘਾਟ ਸਮੇਂ ਵਰਤਿਆ ਜਾਵੇ।

**ਸਬਜ਼ੀਆਂ : ਆਲੂ** : ਇਹ ਮਹੀਨਾ ਆਲੂ ਦੀਆਂ ਅਗੇਤੀਆਂ ਕਿਸਮਾਂ ਜਿਵੇਂ ਕਿ ਕੁਫਰੀ ਸੂਰੀਯਾ, ਕੁਫਰੀ ਚੰਦਰਮੁਖੀ, ਕੁਫਰੀ ਅਸ਼ੋਕਾ ਜਾਂ ਕੁਫਰੀ ਪੁਖਰਾਜ ਦੀ ਬਿਜਾਈ ਲਈ ਢੁੱਕਵਾਂ ਹੈ। ਮਹੀਨੇ ਦੇ ਪਹਿਲੇ



ਪੰਦਰਵਾੜੇ ਸਟੋਰ ਵਿੱਚੋਂ ਬੀਜ ਕੱਢ ਦਿਉ ਅਤੇ ਇਸ ਨੂੰ ਹਵਾਦਾਰ ਕਮਰੇ ਵਿੱਚ ਜਿੱਥੇ ਰੌਸ਼ਨੀ ਘੱਟ ਹੋਵੇ ਪਤਲੀ ਤਹਿ ਵਿਚ ਵਿਛਾ ਦਿਉ। ਇਨ੍ਹਾਂ ਨੂੰ ਦਿਨ ਵਿੱਚ ਇਕ ਵਾਰ ਹਿਲਾਉ ਅਤੇ ਪੁੰਗਰੇ ਹੋਏ ਹਿੱਸੇ ਜਦ 0.5 ਤੋਂ 1.0 ਸੈਂ. ਮੀ. ਤੱਕ ਲੰਬੇ ਹੋ ਜਾਣ ਤਦ ਬਿਜਾਈ ਕਰੋ। ਬਿਮਾਰੀ ਰਹਿਤ ਨਰੋਆ ਬੀਜ ਵਰਤੋ। ਆਲੂਆਂ ਦੇ ਖਰੀਂਢ ਰੋਗ ਦੀ ਰੋਕਥਾਮ ਲਈ ਬਿਜਾਈ ਤੋਂ ਪਹਿਲਾਂ ਬੀਜ ਨੂੰ 80 ਮਿ.ਲਿ. ਸਿਸਟੀਵਾ ਜਾਂ ਇਮੈਸਟੋ ਪ੍ਰਾਈਮ 83 ਮਿ.ਲਿ. ਜਾਂ ਮੋਨਸਰਨ 250 ਮਿ.ਲਿ ਪ੍ਰਤੀ 100 ਲਿਟਰ ਪਾਣੀ ਦੇ ਘੋਲ ਵਿੱਚ 10 ਮਿੰਟ ਲਈ ਭਿਉਂ ਕੇ ਸੋਧ ਲਉ। ਬਿਜਾਈ ਸਮੇਂ 80 ਕਿਲੋ ਯੂਰੀਆ, ਯੂਰੀਆ 155 ਕਿਲੋ ਸਿੰਗਲ ਸੁਪਰਫਾਸਫੇਟ ਅਤੇ 40 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਪਾਉ। ਖੇਤ ਵਿਚ 20 ਟਨ ਰੂੜੀ ਜਾਂ ਹਰੀ ਖਾਦ ਪਾਓ। ਨਦੀਨਾਂ ਦੀ ਰੋਕਥਾਮ ਲਈ ਗਰੈਮੋਕਸੋਨ 500 ਮਿ.ਲਿ. ਪ੍ਰਤੀ ਏਕੜ ਜਦੋਂ ਬਹੁਤ ਸਾਰੇ ਨਦੀਨ ਉੱਗ ਆਏ ਹੋਣ ਅਤੇ ਆਲੂਆਂ ਦੀ ਫਸਲ ਸਿਰਫ 5-10 ਪ੍ਰਤੀਸ਼ਤ ਤੱਕ ਉੱਗੀ ਹੋਵੇ ਤਾਂ ਛਿੜਕਾਅ ਕਰੋ। 250-300 ਲਿਟਰ ਪਾਣੀ ਨੈਪਸੈਕ ਪੰਪ ਲਈ ਅਤੇ 100 ਲਿਟਰ ਪਾਣੀ ਮੋਟਰ ਵਾਲੇ ਪੰਪ ਲਈ ਪ੍ਰਤੀ ਏਕੜ ਵਰਤੋ।

**ਮਟਰ** : ਜੇਕਰ ਮਟਰ ਖੇਤ ਵਿਚ ਪਹਿਲੀ ਵਾਰ ਬੀਜਣੇ ਹਨ ਤਾਂ 45 ਕਿਲੋ ਬੀਜ ਜਲਦੀ ਪੱਕਣ ਵਾਲੀਆਂ ਕਿਸਮਾਂ ਮਟਰ ਏ ਪੀ-3, ਅਗੇਤਾ-6 ਮਟਰ ਅਗੇਤਾ-7 ਨੂੰ ਰਾਈਜ਼ੋਬੀਅਮ ਦੇ ਟੀਕੇ ਨਾਲ ਸੋਧ ਲਉ। ਬਿਜਾਈ ਸਮੇਂ 45 ਕਿਲੋ ਯੂਰੀਆ ਅਤੇ 155 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ। ਬਿਜਾਈ ਵੱਤਰ ਜ਼ਮੀਨਾਂ ਵਿੱਚ ਕਰੋ। ਮਟਰਾਂ ਦੇ ਉਖੇੜੇ ਅਤੇ ਜੜ੍ਹ ਦੇ ਗਲਣ ਦੀ ਰੋਕਥਾਮ ਲਈ ਅਗੇਤੀ ਬਿਜਾਈ ਨਾ ਕਰੋ। ਤਣੇ ਦੀ ਮੱਖੀ ਤੋਂ ਫਸਲ ਨੂੰ ਬਚਾਉਣ ਲਈ ਬਿਜਾਈ ਸਮੇਂ 10 ਕਿਲੋ ਫਿਊਰਾਡਾਨ 3 ਜੀ ਪ੍ਰਤੀ ਏਕੜ ਸਿਆੜਾਂ ਵਿੱਚ ਪਾਉ।

**ਲਸਣ** : ਲਸਣ ਦੀ ਪੀ. ਜੀ-18 ਕਿਸਮ ਇਸ ਸਮੇਂ ਤੇ ਬਿਜਾਈ ਲਈ ਢੁੱਕਵੀ ਹੈ। ਇਸ ਮਹੀਨੇ ਦੇ ਦੂਸਰੇ ਪੰਦਰਵਾੜੇ ਵਿੱਚ ਗਲੀ ਸੜੀ ਰੂੜੀ ਦੀ ਖਾਦ 20 ਟਨ ਪ੍ਰਤੀ ਏਕੜ ਪਾ ਕੇ ਚੰਗੀ ਤਰ੍ਹਾਂ ਮਿੱਟੀ ਵਿੱਚ ਰਲਾ ਦਿਉ। ਫਸਲ ਨੂੰ 40 ਕਿਲੋ ਯੂਰੀਆ 155 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਬਿਜਾਈ ਸਮੇਂ ਪਾਉ। ਲਸਣ ਦੀਆਂ 225 ਤੋਂ 250 ਕਿਲੋ ਤੁਰੀਆਂ ਵੱਟਾਂ ਉੱਤੇ ਲਾ ਦਿਉ। ਕਤਾਰਾਂ ਦਾ ਫਾਸਲਾ 15 ਸੈ.ਮੀ. ਅਤੇ ਬੂਟਿਆਂ ਦਾ ਫਾਸਲਾ 7.5 ਸੈ.ਮੀ. ਹੋਣਾ ਚਾਹੀਦਾ ਹੈ। ਬੀਜਣ ਤੋਂ ਇਕ ਦਮ ਬਾਅਦ ਪਾਣੀ ਦਿਉ।

**ਪਾਲਕ** : ਪਾਲਕ ਦੀ ਪੰਜਾਬ ਗਰੀਨ ਕਿਸਮ ਦਾ 4-6 ਕਿਲੋ ਬੀਜ ਪ੍ਰਤੀ ਏਕ ਦੇ ਹਿਸਾਬ ਪਾਓ। ਬੀਜ ਨੂੰ ਕਤਾਰਾਂ ਵਿੱਚ 20 ਸੈਂਟੀਮੀਟਰ ਦਾ ਫਾਸਲਾ ਰੱਖ ਕੇ 3-4 ਸੈਂਟੀਮੀਟਰ ਡੂੰਘਾ ਵੱਤਰ ਜ਼ਮੀਨ ਵਿੱਚ ਬੀਜੋ।

**ਫੁੱਲਗੋਭੀ ਅਤੇ ਹੋਰ ਗੋਭੀ ਦੀਆਂ ਫਸਲਾਂ** : 55 ਕਿਲੋ ਯੂਰੀਆ 155 ਕਿਲੋ ਸਿੰਗਲ ਸੁਪਰਫਾਸਫੇਟ ਅਤੇ 40 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਪਾਉ। ਬਾਕੀ ਦੀ 55 ਕਿਲੋ ਯੂਰੀਆ ਪਨੀਰੀ ਲਾਉਣ ਤੋਂ 4 ਹਫਤੇ ਪਿੱਛੋਂ ਪਾਓ। ਫਿਰ ਵੱਟਾਂ ਤੇ 4 ਤੋਂ 6 ਹਫਤੇ ਦੀ ਗੋਭੀ ਦੀ ਤਿਆਰ ਪਨੀਰੀ ਲਗਾ ਦਿਉ। ਪਿਛੇਤੀ ਗੋਭੀ ਲਈ ਪੂਸਾ ਸਨੋਬਾਲ ਕੇ-1/ਪੂਸਾ ਸਨੋਬਾਲ -1 ਕਿਸਮ ਦਾ 250 ਗ੍ਰਾਮ ਬੀਜ ਇਕ ਮਰਲੇ ਵਿੱਚ ਇਕ ਏਕੜ ਦੀ ਪਨੀਰੀ ਤਿਆਰ ਕਰਨ ਲਈ ਬੀਜੋ।

**ਜੜ੍ਹਦਾਰ ਸਬਜ਼ੀਆਂ** : ਮੂਲੀ ਦੀਆਂ ਦੇਸੀ ਕਿਸਮਾਂ ਪੰਜਾਬ ਸਫੇਦ ਮੂਲੀ-2 ਸ਼ਲਗਮ (ਐੱਲ-1) ਅਤੇ ਗਾਜਰ (ਪੰਜਾਬ ਬਲੈਕ ਬਿਊਟੀ ਅਤੇ ਪੀ ਸੀ-161) ਦੀ ਬਿਜਾਈ ਸ਼ੁਰੂ ਕਰ ਦਿਉ। ਮੂਲੀ ਅਤੇ ਗਾਜਰ ਦਾ 4-5 ਕਿਲੋ ਅਤੇ ਸ਼ਲਗਮ ਦਾ 2-3 ਕਿਲੋ ਬੀਜ ਪ੍ਰਤੀ ਏਕੜ ਪਾਉ। ਕਤਾਰਾਂ ਵਿਚਕਾਰ 45 ਸੈਂਟੀਮੀਟਰ ਅਤੇ ਬੂਟਿਆਂ ਵਿੱਚਕਾਰ ਫਾਸਲਾ 7.5 ਸੈਂਟੀਮੀਟਰ ਰੱਖੋ। ਜੜ੍ਹਦਾਰ ਸਬਜ਼ੀਆਂ ਦੀ ਵੱਟਾਂ ਤੇ ਬਿਜਾਈ ਕਰਨ ਨਾਲ ਵਧੀਆ ਵਾਧਾ, ਜ਼ਿਆਦਾ ਝਾੜ ਅਤੇ ਪੁਟਾਈ ਸੌਖੀ ਹੁੰਦੀ ਹੈ।

**ਸਜਾਵਟੀ ਬੂਟੇ : ਮੌਸਮੀ ਫੁੱਲ** : ਸਰਦੀ ਵਾਲੇ ਮੌਸਮੀ ਫੁੱਲਾਂ ਦੀ ਪਨੀਰੀ ਤਿਆਰ ਕਰਨ ਲਈ ਬੀਜ ਨਰਸਰੀ ਬੈੱਡਾਂ ਉੱਪਰ ਬੀਜੇ ਜਾ ਸਕਦੇ ਹਨ। ਜਿਨ੍ਹਾਂ ਫੁੱਲਾਂ (ਸਵੀਟਪੀਜ਼, ਨਸ਼ਟਰਸ਼ੀਅਮ) ਦੇ ਬੀਜ ਬਹੁਤ ਸਖਤ ਹੁੰਦੇ ਹਨ, ਉਨ੍ਹਾਂ ਨੂੰ ਪਾਣੀ ਵਿਚ ਇਕ ਰਾਤ ਭਿਉਂਣ ਤੋਂ ਬਾਅਦ ਸਿੱਧੇ ਹੀ ਕਿਆਰੀਆਂ ਵਿਚ ਲਾਇਆ ਜਾ ਸਕਦਾ ਹੈ। ਬੀਜ ਬੀਜਣ ਦੇ ਤੁਰੰਤ ਬਾਅਦ ਹਲਕਾ ਪਾਣੀ ਦਿਉ। ਇਸ ਤੋਂ ਬਾਅਦ ਹਰ ਰੋਜ਼ ਸਵੇਰੇ ਜਾਂ ਸ਼ਾਮੀ ਪਾਣੀ ਜ਼ਰੂਰ ਲਾਉ।



## ਬਾਗਬਾਨੀ

1. ਸਦਾ ਹਰੇ ਰਹਿਣ ਵਾਲੇ ਫਲਦਾਰ ਬੂਟੇ ਜਿਵੇਂ ਅੰਬ, ਨਿੰਬੂ ਜਾਤੀ ਦੇ ਬੂਟੇ (ਕਿੰਨੂ, ਮਾਲਟਾ, ਮਿੱਠਾ ਨਿੰਬੂ, ਬਾਰਾਮਾਸੀ ਨਿੰਬੂ) ਲੀਚੀ, ਅਮਰੂਦ, ਲੁਕਾਠ, ਆਮਲਾ ਅਤੇ ਪਪੀਤੇ ਦੇ ਬੂਟੇ ਲਗਾਉਣ ਦਾ ਬਹੁਤ ਹੀ ਢੁਕਵਾਂ ਸਮਾਂ ਹੈ। ਪਰ ਇਹ ਬੂਟੇ ਛੇਤੀ ਤੋਂ ਛੇਤੀ ਲਗਾ ਦੇਣੇ ਚਾਹੀਦੇ ਹਨ ਕਿਉਂਕਿ ਫਿਰ ਤਾਪਮਾਨ ਵਿਚ ਗਿਰਾਵਟ ਹੋਣ ਨਾਲ ਪੌਦਿਆਂ ਦਾ ਵਾਧਾ ਸ਼ੁਰੂ ਨਹੀਂ ਹੁੰਦਾ।
2. ਨਵੇਂ ਲਗਾਏ ਗਏ ਬੂਟੇ ਬਹੁਤ ਹੀ ਕੋਮਲ ਹੁੰਦੇ ਹਨ, ਇਸ ਲਈ ਉਹ ਖਾਸ ਦੇਖਭਾਲ ਮੰਗਦੇ ਹਨ। ਉਨ੍ਹਾਂ ਦੀ ਕਾਂਟ-ਛਾਂਟ, ਤਣੇ ਦੀ ਸਫੈਦੀ, ਪਾਣੀ ਅਤੇ ਹੋਰ ਬੂਟੇ ਤੇ ਸੁਰੱਖਿਆ ਪ੍ਰਬੰਧਾਂ ਵੱਲ ਧਿਆਨ ਦਿਉ।
3. ਨਿੰਬੂ ਜਾਤੀ ਦੇ ਬੂਟਿਆਂ ਨੂੰ ਫਲਾਂ ਦੇ ਕੇਰੇ ਤੋਂ ਬਚਾਉਣ ਲਈ 5 ਗ੍ਰਾਮ ਜ਼ਿਬਰੈਲਿਕ ਐਸਿਡ ਦਾ ਛਿੜਕਾਅ ਅੱਧ ਸਤੰਬਰ ਵਿਚ ਕਰੋ।
4. ਨਿੰਬੂ ਜਾਤੀ ਦੇ ਬੂਟਿਆਂ ਵਿੱਚ ਸੁਰੰਗੀ ਕੀੜੇ ਦੀ ਰੋਕਥਾਮ ਲਈ 200 ਮਿ.ਲਿ. ਕ੍ਰੋਕੋਡਾਈਲ 17.8 ਐਸ ਐਲ ਅਤੇ ਸਿਟਰਸ ਸਿੱਲੇ ਦੀ ਰੋਕਥਾਮ ਲਈ 160 ਗ੍ਰਾਮ ਐਕਟਾਰਾ 25 ਡਬਲਯੂ ਜੀ ਜਾਂ 200 ਮਿ.ਲਿ. ਕ੍ਰੋਕੋਡਾਈਲ 17.8 ਐਸ ਐਲ ਜਾਂ 6.25 ਲਿਟਰ ਮੈਕ ਐਚ ਐਮ ਓ ਦਾ 500 ਲਿਟਰ ਦਾ ਘੋਲ ਦਾ ਛਿੜਕਾਅ ਕਰਨਾ ਚਾਹੀਦਾ ਹੈ। ਟਾਹਣੀਆਂ ਦਾ ਸੁੱਕਣਾ ਅਤੇ ਫਲ ਗਲਣ ਦੀ ਰੋਕਥਾਮ ਲਈ ਨਿੰਬੂ ਜਾਤੀ ਦੇ ਬੂਟਿਆਂ ਤੇ ਬੋਰਡੋ ਮਿਸ਼ਰਣ ਦਾ ਘੋਲ 2:2:250 ਛਿੜਕਾਅ ਕਰੋ।
5. ਅੰਗੂਰਾਂ ਦੀਆਂ ਟਾਹਣੀਆਂ ਸੁੱਕਣ ਦੀ ਬਿਮਾਰੀ ਦੀ ਰੋਕਥਾਮ ਲਈ ਅੰਗੂਰਾਂ ਦੀਆਂ ਵੇਲਾਂ ਉੱਪਰ ਬੋਰਡੋ ਮਿਸ਼ਰਣ 2:2:250 ਦਾ ਛਿੜਕਾਅ ਅੱਧ ਸਤੰਬਰ ਵਿੱਚ ਕਰੋ ਅਤੇ ਪੀਲੇ ਧੱਬਿਆਂ ਦੀ ਰੋਕਥਾਮ ਲਈ ਫਿਰ ਦੁਬਾਰਾ ਇਹ ਛਿੜਕਾਅ ਸਤੰਬਰ ਦੇ ਅਖੀਰ ਵਿੱਚ ਕਰੋ।
6. ਬੇਰਾਂ ਦੇ ਪੱਤਿਆਂ ਦੇ ਧੱਬਿਆਂ ਦੀ ਰੋਕਥਾਮ ਲਈ ਬੋਰਡੋ ਮਿਸ਼ਰਣ ਦਾ ਘੋਲ 2 : 2 : 250 ਜਾਂ 0.3 ਪ੍ਰਤੀਸ਼ਤ ਕਾਪਰ ਔਕਸੀਕਲੋਰਾਈਡ ਦਾ ਛਿੜਕਾਅ ਕਰੋ। ਬੇਰੀਆਂ ਤੇ ਲਾਖ ਕੇ ਕੀੜੇ ਦੀ ਰੋਕਥਾਮ ਲਈ ਕੀੜਾ ਗ੍ਰਸਤ ਟਾਹਣੀਆਂ ਨੂੰ ਕੱਟ ਦਿਓ।
7. ਲੁਕਾਠ ਦੇ ਪੂਰੇ ਵੱਡੇ ਦਰਖਤ ਨੂੰ 50 ਕਿਲੋ ਦੇਸੀ ਰੂੜੀ, 2 ਕਿਲੋ ਸਿੰਗਲ ਸੁਪਰਫਾਸਫੇਟ ਅਤੇ 1.5 ਕਿਲੋ ਮਿਊਰੇਟ ਆਫ ਪੋਟਾਸ਼ ਇਸ ਮਹੀਨੇ ਪਾਉ।
8. ਨਾਸ਼ਪਾਤੀ ਦੀ ਪੰਜਾਬ ਬਿਊਟੀ ਦੇ ਪੂਰੇ ਵੱਡੇ ਦਰੱਖਤਾਂ ਨੂੰ 500 ਗ੍ਰਾਮ ਯੂਰੀਆ ਦੀ ਵਾਧੂ ਕਿਸ਼ਤ ਇਸੇ ਮਹੀਨੇ ਹੀ ਪਾਓ।
9. ਅਮਰੂਦਾਂ ਦੇ ਪੂਰੇ ਵਧੇ ਦਰੱਖਤਾਂ ਨੂੰ 500 ਗ੍ਰਾਮ ਯੂਰੀਆ, 1250 ਗ੍ਰਾਮ ਸਿੰਗਲ ਸੁਪਰਫਾਸਫੇਟ ਅਤੇ 750 ਗ੍ਰਾਮ ਮਿਊਰੇਟ ਆਫ ਪੋਟਾਸ਼ ਰਸਾਇਣਕ ਖਾਦਾਂ ਦੀ ਦੂਜੀ ਕਿਸ਼ਤ ਪਾਉ।

ਜਿਨ੍ਹਾਂ ਫੁੱਲਾਂ ਦੇ ਬੀਜ ਬਹੁਤ ਸਖਤ ਹੁੰਦੇ ਹਨ ਜਿਵੇਂ ਕਿ ਸਜਾਵਟੀ ਮਟਰ, ਇਹਨਾਂ ਨੂੰ ਪਾਣੀ ਵਿੱਚ ਇਕ ਰਾਤ ਭਿਉਣ ਤੋਂ ਬਾਅਦ ਸਿੱਧੇ ਹੀ ਕਿਆਰੀਆਂ ਵਿੱਚ ਲਾਇਆ ਜਾ ਸਕਦਾ ਹੈ।

**ਘਾਹ ਦਾ ਮੈਦਾਨ** : ਲਾਅਨ ਨੂੰ ਹਰਾ-ਭਰਾ ਰੱਖਣ ਲਈ ਯੂਰੀਆ 2.2 ਕਿਲੋ ਪ੍ਰਤੀ 100 ਵਰਗ ਫੁੱਟ ਦੇ ਹਿਸਾਬ ਨਾਲ ਪਾ ਕੇ ਹਲਕਾ ਪਾਣੀ ਲਾਉ। ਘਾਹ ਕੱਟਣ ਵਾਲੀ ਮਸ਼ੀਨ ਦੇ ਬਲੇਡ ਨੀਵੇਂ ਕਰ ਦਿਉ ਤਾਂ ਕਿ ਘਾਹ ਨੀਵੇਂ ਤੋਂ ਨੀਵਾਂ ਕੱਟਿਆ ਜਾ ਸਕੇ।

**ਗੁਲਦਾਉਦੀ** : ਬਾਰਸ਼ ਦਾ ਪਾਣੀ ਗੁਲਦਾਉਦੀ ਦੇ ਗਮਲਿਆਂ ਵਿਚ ਨਾ ਖੜ੍ਹਨ ਦਿਉ। ਬੂਟਿਆਂ ਦੀ ਪੀਚਿੰਗ ਅਤ ਡਿਸਬੱਡਿੰਗ ਕਰਦੇ ਰਹੋ ਤਾਂ ਜੋ ਕ੍ਰਮਵਾਰ ਬੂਟਿਆ ਉੱਪਰ ਬਹੁ-ਗਿਣਤੀ ਵਿਚ ਸ਼ਾਖਾਵਾਂ (ਕੋਰੀਅਨ ਕਿਸਮਾਂ) ਅਤੇ ਇਕੱਲੀ ਡੋਡੀ (ਜਾਪਾਨੀ ਕਿਸਮਾਂ) ਮਿਲ ਸਕੇ।

**ਗੁਲਾਬ** : ਮਹੀਨੇ ਦੇ ਦੂਸਰੇ ਪੰਦਰਵਾੜੇ ਵਿੱਚ ਪਾਣੀ ਦੇਣਾ ਬੰਦ ਕਰ ਦਿਉ ਤਾਂ ਕਿ ਬੂਟਿਆਂ ਨੂੰ ਕਾਂਟ-ਛਾਂਟ ਲਈ ਤਿਆਰ ਕੀਤਾ ਜਾ ਸਕੇ। ਕਾਂਟ-ਛਾਂਟ ਅਕਤੂਬਰ ਦੇ ਪਹਿਲੇ ਪੰਦਰਵਾੜੇ ਤੇ ਕੀਤੀ ਜਾ ਸਕਦੀ ਹੈ।

**ਗੇਂਦਾ** : ਸਰਦੀਆਂ ਵਾਲੇ ਗੇਂਦੇ ਦੀ ਫਸਲ ਲੈਣ ਲਈ ਪਨੀਰੀ ਬੀਜ ਲਉ। ਪੰਜਾਬ ਗੇਂਦਾ ਨੰ. 1 ਦੇ ਬੂਟਿਆਂ ਦੇ ਟੂਸਿਆਂ ਨੂੰ ਮੜੁੱਚ ਦਿਓ। ਸਮੇਂ-ਸਮੇਂ ਤੇ ਪੱਤਾ ਧੱਬਾ ਰੋਗ ਦਾ ਸਰਵੇਖਣ ਕਰਦੇ ਰਹੋ।

**ਗਲੈਡਿਓਲਸ ਅਤੇ ਹੋਰ ਗੰਢਿਆਂ ਵਾਲੀਆਂ ਫਸਲਾਂ** : ਗਲੈਡਿਓਲਸ ਦੇ ਗੰਢੇ ਬੀਜਣ ਲਈ ਇਹ ਢੁੱਕਵਾਂ ਸਮਾਂ ਹੈ। ਬਿਜਾਈ ਪੰਦਰਾਂ ਦਿਨਾਂ ਦੇ ਵਕਫੇ ਤੇ ਕਰੋ ਤਾਂ ਜੋ ਫੁੱਲਾਂ ਦੀ ਪੈਦਾਵਾਰ ਲੰਬੇ ਸਮੇਂ ਤੱਕ ਮਿਲ ਸਕੇ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਵਿਕਸਤ ਕਿਸਮਾਂ ਦੀ ਬਿਜਾਈ ਕਰੋ। ਇਸ ਮਹੀਨੇ ਨਰਗਿਸ, ਫਰੀਜ਼ੀਆ ਆਦਿ ਦੇ ਗੰਢਿਆਂ ਦੀ ਬਿਜਾਈ ਵੀ ਕੀਤੀ ਜਾ ਸਕਦੀ ਹੈ। ਗਰਮੀ ਸਹਿਣਯੋਗ ਡਬਲ ਡੇਲੀਆ ਦੇ ਬੂਟੇ ਕਲਮਾਂ ਅਤੇ ਟਿਊਬਰ ਤੋਂ ਇਸ ਮਹੀਨੇ ਦੇ ਅੰਤ ਵਿਚ ਵਧਾਏ ਜਾ ਸਕਦੇ ਹਨ।

(ਚੱਲਦਾ)



# ਰੁੱਖ ਤੇ ਮਨੁੱਖ ਦੀ ਕਦੀਮੀ ਸਾਂਝ

**ਡਾ. ਰਾਜਵੰਤ ਪੰਜਾਬੀ, ਸਟੇਟ ਐਵਾਰਡੀ ਅਸਿਸਟੈਂਟ ਪ੍ਰੋਫੈਸਰ,**
**ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ (ਮੋ. 8567886223)**

ਹਵਾ, ਪਾਣੀ ਤੇ ਧਰਤੀ ਜੀਵਨ ਦੇ ਬੁਨਿਆਦੀ ਤੱਤ ਹਨ ਪਰੰਤੂ ਇਨ੍ਹਾਂ ਵਿਚ ਹੋ ਰਿਹਾ ਲਗਾਤਾਰ ਪ੍ਰਦੂਸ਼ਣ ਦਾ ਵਾਧਾ ਕੁਦਰਤੀ ਸੰਤੁਲਨ ਨੂੰ ਵਿਗਾੜ ਰਿਹਾ ਹੈ। ਇਸ ਦੇ ਵੱਡੇ ਪੱਧਰ 'ਤੇ ਮਾਰੂ ਅਸਰ ਪੈ ਰਹੇ ਹਨ। ਧਰਤੀ ਦੇ ਤਾਪਮਾਨ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਗਲੇਸ਼ੀਅਰ ਪਿਘਲ ਰਹੇ ਹਨ। ਕੁਦਰਤ ਵਲੋਂ ਮਨੁੱਖੀ ਜ਼ਿੰਦਗੀ ਨੂੰ ਸੂਰਜ ਦੀਆਂ ਪਰਾ-ਵੈਂਗਣੀ ਕਿਰਨਾਂ ਤੋਂ ਬਚਾਉਣ ਵਾਸਤੇ ਜੋ 'ਓਜ਼ੋਨ' ਦੀ ਕੁਦਰਤੀ ਛਤਰੀ ਤਾਣੀ ਗਈ ਹੈ, ਉਸ ਵਿਚ ਛੇਕ ਹੋ ਰਹੇ ਹਨ। ਕੈਂਸਰ, ਦਮਾ, ਹੈਜ਼ਾ, ਕਾਲਾ ਪੀਲੀਆ, ਅਲਰਜੀ, ਚਮੜੀ ਅਤੇ ਦਿਲ ਦੇ ਰੋਗੀਆਂ ਦੀ ਦਿਨੋ-ਦਿਨ ਗਿਣਤੀ ਵਧ ਰਹੀ ਹੈ। ਇਸ ਦੇ ਵੱਡੇ ਕਾਰਨਾਂ ਵਿਚ ਜੰਗਲਾਂ ਦੀ ਅੱਗ, ਗੱਡੀਆਂ ਦਾ ਧੂੰਆਂ, ਫੈਕਟਰੀਆਂ ਵਿਚੋਂ ਨਿਕਲਦੀਆਂ ਹਾਨੀਕਾਰਕ ਗੈਸਾਂ ਤੇ ਪਾਣੀ ਅਤੇ ਰੁੱਖਾਂ ਦੀ ਲਗਾਤਾਰ ਹੋ ਰਹੀ ਕਟਾਈ ਸ਼ਾਮਿਲ ਹੈ। ਜਲਵਾਯੂ ਪਰਿਵਰਤਨ ਵਾਲੀ ਇਸ ਮਾਰੂ ਸਥਿਤੀ ਵਿਚ ਵਾਤਾਵਰਨ ਪ੍ਰਤੀ ਸਾਡੀ ਚਿੰਤਾ ਵਧਣੀ ਸੁਭਾਵਕ ਹੈ। ਸਰਬੱਤ ਦੇ ਭਲੇ ਲਈ ਵਾਤਾਵਰਨ ਪ੍ਰਤੀ ਜਾਗਰੂਕਤਾ ਫੈਲਾਉਣ ਹਿਤ 5 ਜੂਨ ਨੂੰ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਜਾਂਦਾ ਹੈ।

ਮਨੁੱਖੀ ਹੋਂਦ ਅਤੇ ਪ੍ਰਕਿਰਤੀ ਵਿਚ ਸਾਵਾਂਪਨ ਬਣਾਈ ਰੱਖਣ ਲਈ ਰੁੱਖਾਂ ਦਾ ਬਹੁਤ ਮਹੱਤਵ ਹੈ। ਇਹ ਉਹ ਪੌਦੇ ਹੁੰਦੇ ਹਨ ਜਿਨ੍ਹਾਂ ਵਿਚ ਸਥਾਈ ਰੂਪ ਵਿਚ ਲੱਕੜ ਵਾਲਾ ਤਣਾ ਹੁੰਦਾ ਹੈ, ਜਿਹੜੇ ਆਮ ਤੌਰ 'ਤੇ ਕਾਫੀ ਉਚਾਈ ਤਕ ਵਧਦੇ ਹਨ ਅਤੇ ਧਰਤੀ 'ਤੇ ਵੱਡੇ ਦਾਇਰੇ ਵਿਚ ਆਪਣੀਆਂ ਟਹਿਣੀਆਂ ਵਿਕਸਤ ਕਰਦੇ ਹਨ। ਜੇ ਧਰਤੀ ਉੱਤੇ ਰੁੱਖਾਂ ਦੇ ਘਣੇ ਜੰਗਲ ਨਾ ਹੁੰਦੇ ਤਾਂ ਧਰਤੀ ਦੀ ਹਾਲਤ ਕੁਝ ਹੋਰ ਹੀ ਹੋਣੀ ਸੀ ਅਤੇ ਮਨੁੱਖੀ ਜੀਵਨ ਸੰਭਵ ਨਹੀਂ ਸੀ ਹੋਣਾ। ਵਾਤਾਵਰਨ ਸਮੇਂ ਵਿਚ ਧਰਤੀ ਉੱਤੇ ਹੋ ਰਹੀ ਜੰਗਲਾਂ ਦੀ ਅੰਨ੍ਹੇਵਾਹ ਕਟਾਈ ਦਾ ਰੁਝਾਨ ਸਥਿਤੀ ਨੂੰ ਸੰਕਟਮਈ ਬਣਾ ਰਿਹਾ ਹੈ। ਇਹ ਮੁੱਦਾ ਮਾਨਵੀ ਜੀਵਨ ਦੇ ਰਾਹ ਵਿਚ ਕੰਡੇ ਬੀਜ ਰਿਹਾ ਹੈ ਅਤੇ ਇਹ ਬੀਜ ਬੀਜਣ ਵਾਲੇ ਵੀ ਅਸੀਂ ਹੀ ਹਾਂ ਪਰੰਤੂ ਸਿੱਟਾ ਸਾਡੇ ਭਵਿੱਖ ਦੀਆਂ ਪੀੜ੍ਹੀਆਂ ਨੂੰ ਭੁਗਤਣਾ ਪਵੇਗਾ।

ਜੁਗਾਂ-ਜੁਗਾਂਤਰਾਂ ਤੋਂ ਰੁੱਖ, ਮਨੁੱਖ ਨਾਲ ਆਪਣੀ ਸਾਂਝ ਨਿਭਾਉਂਦੇ ਆ ਰਹੇ ਹਨ। ਮਨੁੱਖੀ ਜੀਵਨ ਲਈ ਜਿੰਨੀ ਸ਼ੁੱਧ ਆਕਸੀਜਨ ਜ਼ਰੂਰੀ ਹੈ, ਓਨਾ ਰੁੱਖਾਂ ਦਾ ਮਹੱਤਵ ਹੈ। ਵਾਤਾਵਰਨ 'ਚ ਫੈਲੀ ਕਾਰਬਨਡਾਈਆਕਸਾਈਡ ਨੂੰ ਇਹ ਆਕਸੀਜਨ ਵਿਚ ਬਦਲਦੇ ਹਨ ਤੇ ਉਹ ਸਾਡੀ ਪ੍ਰਾਣਦਾਤੀ-ਹਵਾ ਹੈ। ਕੁਦਰਤ ਦਾ ਕ੍ਰਿਸ਼ਮਾ ਹੀ ਹੈ ਕਿ ਅਸੀਂ ਕਾਰਬਨਡਾਈਆਕਸਾਈਡ ਛੱਡਦੇ ਹਾਂ ਪਰ ਰੁੱਖ ਉਸ ਨੂੰ ਆਪਣੇ ਭੋਜਨ ਵਜੋਂ ਵਰਤ ਕੇ ਬਦਲਵੇਂ ਰੂਪ ਵਿਚ ਸਾਨੂੰ ਆਕਸੀਜਨ ਦਿੰਦੇ ਹਨ। ਜਲਵਾਯੂ ਨੂੰ ਨਿਯੰਤ੍ਰਿਤ ਕਰਨ, ਮਿੱਟੀ ਦੀ ਰੱਖਿਆ ਕਰਨ ਅਤੇ ਜੰਗਲੀ-ਜੀਵਾਂ ਦੇ ਰੈਣ-ਬਸੇਰਿਆਂ ਲਈ ਇਨ੍ਹਾਂ ਦੀ ਅਹਿਮੀਅਤ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ। ਏਨਾ ਹੀ ਨਹੀਂ ਰੁੱਖ ਕਦੇ ਮਨੁੱਖ ਦੀ ਰਿਹਾਇਸ਼ਗਾਹ ਬਣਦੇ ਰਹੇ, ਕਦੇ ਢਿੱਡ ਭਰਨ ਲਈ ਫਲ-ਪੱਤਿਆਂ ਦੇ ਸੇਵਨ ਦੇ ਰੂਪ ਵਿਚ ਮਦਦ ਕਰਦੇ ਰਹੇ। ਮਨੁੱਖ ਨੂੰ ਕੁਝ ਸੋਝੀ ਆਈ ਤਾਂ ਰੁੱਖਾਂ ਤੇ ਪੱਤਿਆਂ ਨਾਲ ਆਪਣਾ ਤਨ ਢਕਣ ਵਾਲੀ ਲੋੜ ਪੂਰੀ ਕਰਦਾ ਰਿਹਾ ਹੈ। ਏਦਾਂ ਰੁੱਖ, ਮਨੁੱਖ ਦੀਆਂ ਰੋਟੀ, ਕੱਪੜਾ ਅਤੇ ਮਕਾਨ ਸੰਬੰਧੀ ਮੁੱਢਲੀਆਂ ਜ਼ਰੂਰਤਾਂ ਪੂਰੀਆਂ ਕਰਦੇ ਹਨ। ਬਜ਼ੁਰਗ ਗਰਮੀ ਦੇ ਦਿਨਾਂ ਵਿਚ ਬਹੁਤਾ ਸਮਾਂ ਰੁੱਖਾਂ ਹੇਠ ਬੈਠ ਕੇ ਬਿਤਾਉਂਦੇ ਹਨ।

ਗ੍ਰੰਥਾਂ ਵਿਚ ਇਨ੍ਹਾਂ ਦੀ ਪ੍ਰਕਿਰਤਕ ਮਹੱਤਤਾ ਅਤੇ ਇਨ੍ਹਾਂ ਦੇ ਜੇਰੇ ਤੇ ਸਬਰ ਸੰਤੋਖ ਨੂੰ ਮਨੁੱਖ ਨੂੰ ਪ੍ਰੇਰਨਾ ਲੈਣ ਦਾ ਪੈਗਾਮ ਦਿੱਤਾ ਗਿਆ ਹੈ। ਜੰਗਲ, ਮਨੁੱਖ ਨੂੰ ਸ਼ੁੱਧ ਵਾਤਾਵਰਨ ਅਤੇ ਸ਼ਾਂਤ ਮਾਹੌਲ ਦਿੰਦੇ ਹਨ। ਪੁਰਾਣੇ ਸਮਿਆਂ ਵਿਚ ਭਗਤੀ ਅਤੇ ਵਿੱਦਿਆ ਦੀ ਪ੍ਰਾਪਤੀ ਦੇ ਚਾਹਵਾਨ ਜੰਗਲਾਂ ਵਿਚ ਜਾਂਦੇ ਰਹੇ ਹਨ। ਵਣ/ਜੰਗਲ (ਸੰਸਕ੍ਰਿਤ-ਆਰੱਣਯ) ਵਿਚ ਪੜ੍ਹੇ-ਪੜ੍ਹਾਏ ਜਾਣ ਵਾਲੇ ਗ੍ਰੰਥਾਂ ਨੂੰ ਆਰੱਣਯਕ ਨਾਂ ਦਿੱਤਾ ਜਾਂਦਾ ਹੈ ਅਤੇ ਇਹ ਵੇਦਾਂ ਦਾ ਵਾਰਤਕ ਵਾਲਾ ਹਿੱਸਾ ਹੈ। ਸੰਨਿਆਸੀ ਆਤਮ-ਤੱਤ ਅਤੇ ਬ੍ਰਹਮ ਵਿੱਦਿਆ ਦਾ ਗਿਆਨ ਇਨ੍ਹਾਂ ਗ੍ਰੰਥਾਂ ਵਿਚੋਂ ਹਾਸਲ ਕਰਦੇ ਸਨ।

ਰੁੱਖਾਂ ਦਾ ਖਾਸ ਮੌਸਮਾਂ ਨਾਲ ਸੰਬੰਧ ਜੁੜਿਆ ਹੋਇਆ ਹੈ। ਗਰਮੀ ਤੋਂ ਬਚਾਓ ਲਈ ਰੁੱਖਾਂ ਦੀਆਂ ਛਾਵਾਂ ਅਤੇ ਸੁਹਾਵਣੇ ਮੌਸਮ ਦਾ ਆਨੰਦ ਲੈਣ ਲਈ ਮੁਟਿਆਰਾਂ ਵਲੋਂ ਸਾਉਣ ਮਹੀਨੇ ਪਿੱਪਲ ਉੱਤੇ ਪੀਂਘਾਂ ਪਾ ਕੇ ਤੀਆਂ ਮਨਾਈਆਂ ਜਾਂਦੀਆਂ। ਪਿੱਪਲ ਨੂੰ ਕਈ ਬੀਮਾਰੀਆਂ ਦੇ ਇਲਾਜ ਲਈ ਇਸਤੇਮਾਲ ਕੀਤਾ ਜਾਂਦਾ ਹੈ। ਵੈਦ ਦਮਾ, ਮਲੇਰੀਆ, ਦੰਦਾਂ ਤੇ ਮਸੂੜਿਆਂ ਦੇ ਰੋਗਾਂ, ਖੰਘ ਅਤੇ ਉਲਟੀਆਂ-ਟੁੱਟੀਆਂ ਦੇ ਇਲਾਜ ਲਈ ਇਸ ਦੀ ਸੁੱਕੀ ਛਿੱਲ, ਪੱਤਿਆਂ ਅਤੇ ਟਹਿਣੀਆਂ ਤੋਂ ਦਵਾਈਆਂ ਬਣਾਉਂਦੇ ਹਨ। ਇਸ ਦੀ ਛਿੱਲ ਚਮੜਾ ਰੰਗਣ ਦੇ ਕੰਮ ਆਉਂਦੀ ਹੈ। ਇਸ ਦੀ ਲਾਖ ਤੋਂ ਬਟਨ, ਮੋਮ ਅਤੇ ਤਾਰਾਂ ਉੱਪਰ ਚੜ੍ਹਾਉਣ ਵਾਲਾ ਪਲਾਸਟਿਕ ਬਣਾਇਆ ਜਾਂਦਾ ਹੈ। ਹਿੰਦੂ ਲੋਕ ਪਿੱਪਲ ਨੂੰ 'ਬ੍ਰਹਮਾ' ਦਾ ਅਵਤਾਰ ਸਵੀਕਾਰ ਕੇ ਪੂਜਦੇ ਹਨ। ਦਿਲ ਦੀਆਂ ਗੱਲਾਂ ਸਾਂਝੀਆਂ ਕਰਨ ਲਈ ਪਿੱਪਲ ਕਰਨ ਲਈ ਪਿੱਪਲ 'ਸੱਚੇ ਮਿੱਤਰ' ਦਾ ਦਰਜਾ ਹਾਸਲ ਹੈ :

ਪਿੱਪਲ ਦਿਆ ਪੱਤਿਆ ਵੇ, ਕੇਹੀਆ ਛੋਡੀਆਂ ਲਗਰਾਂ ਵੇ ?
ਢੋਲ ਪਰਦੇਸੀ ਮੇਰਾ, ਕੌਣ ਲਿਆਵੇ ਖਬਰਾਂ ਵੇ ?

ਬੋਹੜ, ਬੜ ਜਾਂ ਬਰੋਟਾ ਆਪਣੀ ਵਡੇਰੀ ਉਮਰ ਅਤੇ ਠੰਢੀ ਤੇ ਸੰਘਣੀ ਛਾਂ ਲਈ ਮਕਬੂਲ ਹੈ। ਰਿਸ਼ੀ-ਮੁਨੀ ਇਸ ਹੇਠਾਂ ਬੈਠ ਕੇ ਤਪੱਸਿਆ ਕਰਦੇ ਸਨ। ਇਸ ਦੀ ਲੱਕੜ ਬਾਲਣ ਦੇ ਕੰਮ ਆਉਂਦੀ ਹੈ ਜਦੋਂ ਕਿ ਚਿਕਿਤਸਕ ਇਸ ਦੇ ਪੱਤੇ, ਦੁੱਧ, ਛਿੱਲ ਅਤੇ ਦਾੜ੍ਹੀ ਨੂੰ ਨਕਸੀਰ, ਦਿਲ, ਦਿਮਾਗ ਤੇ ਸਿਰ ਦੀਆਂ ਬਿਮਾਰੀਆਂ ਦੂਰ ਕਰਨ ਲਈ ਦਵਾਈਆਂ ਬਣਾਉਂਦੇ ਹਨ। ਜਿਵੇਂ ਇਕ ਇਸਤਰੀ ਨੂੰ ਸਹੁਰਿਆਂ ਨਾਲੋਂ ਆਪਣੇ ਪੇਕਿਆਂ 'ਤੇ ਵਧੇਰੇ ਮਾਣ ਹੁੰਦਾ ਹੈ, ਉਸੇ ਤਰ੍ਹਾਂ ਲੋਕ ਮਨ ਵਲੋਂ ਬਰੋਟੇ ਨਾਲੋਂ ਜ਼ਿਆਦਾ ਪਿੱਪਲ ਨੂੰ ਮਾਨਤਾ ਦਿੱਤੀ ਗਈ ਹੈ। ਨਵ ਵਿਆਹੁਤਾ ਨੂੰ ਆਪਣੇ ਕੇਸ ਸੁਕਾਉਣ ਲਈ ਬਰੋਟੇ ਦੀ ਛਾਂ ਚੰਗੀ ਨਹੀਂ ਲਗਦੀ :

ਘੁੰਮ ਘੁੰਮ ਬਰੋਟਿਆ ਵੇ, ਤੇਰੀ ਛਾਵੇਂ ਮੈਂ ਖੜ੍ਹੀ।
ਖੜ੍ਹੀ ਖੜ੍ਹੀ ਮੈਂ ਸੁਕਾਵਾਂ ਕਾਲੇ ਕਾਲੇ ਕੇਸ।
ਹਵਾ ਨਹੀਂ ਲਗਦੀ, ਕੇਸ ਨਹੀਂ ਸੁੱਕਦੇ
ਹੁਣ ਚੇਤੇ ਆਂਵਦਾ, ਵੇ ਬਾਬਲ ਤੇਰਾ ਦੇਸ।

ਜਿਹੜੀਆਂ ਔਰਤਾਂ ਮਾਹੀ ਦੀ ਸੰਗਤ ਦਾ ਆਨੰਦ ਮਾਣਦੀਆਂ ਹਨ, ਉਹ ਖੁਸ਼ੀ-ਖੁਸ਼ੀ ਬੋਹੜ ਦੇ ਰੁੱਖ 'ਤੇ ਪੀਂਘਾਂ ਝੂਟਦੀਆਂ ਹਨ ਪਰੰਤੂ ਵਿਯੋਗੀ ਅਵਸਥਾ ਵਿਚੋਂ ਗੁਜ਼ਰ ਰਹੀਆਂ ਮੁਟਿਆਰਾਂ, ਆਪਣੀਆਂ ਸਹੇਲੀਆਂ ਨੂੰ ਪੀਂਘਾਂ ਝੂਟਦੀਆਂ ਵੇਖ ਕੇ ਹਓਕੇ ਲੈਂਦੀਆਂ ਹਨ।

'ਕਿੱਕਰ', 'ਭਾਰਤੀ' ਤੇ 'ਪਹਾੜੀ' ਦੋ ਕਿਸਮ ਦੀ ਹੁੰਦੀ ਹੈ। ਸਾਧਾਰਨ ਲੋਕਾਂ ਦਾ ਕਿੱਕਰ ਨਾਲ ਬੜਾ ਵਾਹ-ਵਾਸਤਾ ਰਿਹਾ ਹੈ। ਇਹਦੀ ਲੱਕੜ ਕਈ ਕੰਮ ਆਉਂਦੀ ਹੈ। ਇਸ ਦੀ ਗਵਾਹੀ ਪੰਜਾਬੀ ਲੋਕ ਗੀਤ ਵੀ ਭਰਦੇ ਹਨ :

ਛੇਤੀ ਛੇਤੀ ਵਧ ਕਿੱਕਰੇ
ਅਸੀਂ ਸੱਸ ਦਾ ਸੰਦੂਕ ਬਣਾਉਣਾ।

ਕਿੱਕਰ ਦੀ ਛਿੱਲ ਕੱਪੜਾ ਤੇ ਚਮੜਾ-ਰੰਗਾਈ ਲਈ ਵਰਤੀ ਜਾਂਦੀ ਹੈ। ਸੱਕ, ਫੁੱਲ ਅਤੇ ਤੁੱਕਿਆਂ ਤੋਂ ਦੇਸੀ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ। ਗਲਾ ਖਰਾਬ ਹੋਣ 'ਤੇ ਇਸ ਦੇ ਸੱਕ ਨੂੰ ਪਾਣੀ ਵਿਚ ਭਿਉਂ ਕੇ ਗਰਾਰੇ ਕੀਤੇ ਜਾਂਦੇ ਹਨ। ਕਿੱਕਰ ਦੇ ਫੁੱਲਾਂ ਦੀ ਗੁਲਕੰਦ ਫੋੜੇ-ਫਿੰਸੀਆਂ ਦੂਰ ਕਰਨ ਲਈ ਉਪਯੋਗੀ ਮੰਨੀ ਜਾਂਦੀ ਹੈ ਅਤੇ ਖੂਨ ਤੇ ਪੇਟ ਵੀ ਸਾਫ ਕਰਦੀ ਹੈ। ਇਸਦੇ ਫੁੱਲ ਲਕੋਰੀਆ ਬੀਮਾਰੀਆਂ ਦੇ ਇਲਾਜ ਲਈ ਲਾਭਕਾਰੀ ਹਨ। ਤੁੱਕੇ ਪਾਚਨ ਸ਼ਕਤੀ ਤੇ ਦਿਲ ਨੂੰ ਤੰਦਰੁਸਤ ਰੱਖਦੇ ਹਨ। ਇਸਦੀ ਦਾਤਣ ਵਰਤਮਾਨ ਦੌਰ ਵਿਚ ਵੀ ਸ੍ਰੇਸ਼ਟ ਮੰਨੀ ਜਾਂਦੀ ਹੈ ਜੋ ਦੰਦ ਵੀ ਸਾਫ ਕਰਦੀ ਹੈ ਤੇ ਮਸੂੜਿਆਂ ਨੂੰ ਬੀਮਾਰੀਆਂ ਤੋਂ ਵੀ ਬਚਾਉਂਦੀ ਹੈ :

ਦੰਦਾਂ ਨੂੰ ਚਮਕਾਵੇ ਦਾਤਣ ਕਿੱਕਰ ਦੀ।

ਉੱਚੀ ਲੰਮੀ ਤੇ ਛਾਂਦਾਰ 'ਟਾਹਲੀ' ਦੀ ਲੱਕੜ ਕਿੱਕਰ ਨਾਲੋਂ ਹੌਲੀ ਹੁੰਦੀ ਹੈ। ਇਸ ਲਈ ਪੰਜਾਬਣ ਆਪਣੇ ਮਾਹੀ ਨੂੰ ਟਾਹਲੀ ਦਾ ਚਰਖਾ ਬਣਵਾ ਕੇ ਦੇਣ ਦੀ ਮੰਗ ਕਰਦੀ ਰਹੀ ਹੈ :

ਚਰਖਾ ਮੇਰਾ ਕਿੱਕਰ ਦਾ,
ਤੂੰ ਟਾਹਲੀ ਦਾ ਬਣਵਾ ਦੇ।
ਏਸ ਚਰਖੇ ਦਾ ਹਿੱਲੇ ਮਝੇਰੂ,
ਮਾਲ੍ਹਾਂ ਬਹੁਤੀਆਂ ਖਾਵੇ।
ਮੇਰੇ ਨਾਲ ਦੀਆਂ ਕੱਤ ਕੇ ਸੌਂ ਗੀਆਂ,
ਮੈਥੋਂ ਕੱਤਿਆ ਨਾ ਜਾਵੇ।
ਚਰਖਾ ਬੂ ਚੰਦਰਾ,
ਸਾਡੀ ਅੱਲੜਾਂ ਦੀ ਨੀਂਦ ਗੁਆਵੇ।

ਚਰਖੇ ਤੋਂ ਬਿਨਾਂ ਟਾਹਲੀ ਦਾ ਸੰਦੂਕ, ਪਲੰਘ, ਹਲ, ਪੰਜਾਲੀ, ਗੱਡਾ ਅਤੇ ਹੋਰ ਸਮਾਨ ਵੀ ਬਣਦਾ ਹੈ। ਟਾਹਲੀ ਦੇ ਪੱਤੇ ਕੁਝ ਕੁਸੈਲੇ ਹੁੰਦੇ ਹਨ ਪਰ ਇਨ੍ਹਾਂ ਨੂੰ ਗਰਮ ਕਰਕੇ, ਮਿੱਠੇ ਤੇਲ ਵਿਚ ਭਿਉਂ ਕੇ ਬੰਨ੍ਹਣ ਨਾਲ ਛਿੱਲੀ ਚਮੜੀ ਨੂੰ ਰਾਹਤ ਮਿਲਦੀ ਹੈ ਤੇ ਆਰਾਮ ਆ ਜਾਂਦਾ ਹੈ। ਚਰਮ-ਰੋਗਾਂ ਨੂੰ ਠੀਕ ਕਰਨ ਲਈ ਇਸ ਦੀਆਂ ਜੜ੍ਹਾਂ ਵੀ ਵਰਤੀਆਂ ਜਾਂਦੀਆਂ ਹਨ। ਇਸ ਦੇ ਬੀਜ ਫੋੜਿਆਂ ਅਤੇ ਬਵਾਸੀਰ ਦੇ ਇਲਾਜ ਲਈ ਵਰਤੇ ਜਾਂਦੇ ਹਨ। ਇਸ ਦੀਆਂ ਫਲੀਆਂ ਕੱਪੜਾ ਰੰਗਣ ਦੇ ਕੰਮ ਆਉਂਦੀਆਂ ਹਨ।

'ਬੇਰੀ' ਮਨੁੱਖ ਲਈ ਬੜੀ ਉਪਯੋਗੀ ਹੁੰਦੀ ਹੈ। ਪੇਂਡੂ ਫਲ ਦੇ ਰੂਪ ਵਿਚ ਬੇਰ ਕੁਦਰਤੀ ਨਿਆਮਤ ਹਨ। ਪੰਜਾਬੀਆਂ ਨੂੰ ਪਿਉਂਦੀ ਬੇਰਾਂ ਦਾ ਸੁਆਦ ਤਾਂ ਮਾਖਿਉਂ ਵਰਗਾ ਲਗਦਾ ਹੈ। ਇਸ ਦੀ ਲੱਕੜ ਵੀ ਚੰਗੀ ਮੰਨੀ ਜਾਂਦੀ ਹੈ। ਇਸ ਦੀ ਜੜ੍ਹ ਠੰਢੀ ਹੁੰਦੀ ਹੈ ਜੋ ਸਰੀਰ ਦੀ ਗਰਮੀ ਦੂਰ ਕਰਦੀ ਹੈ ਤੇ ਸਿਰ ਦਰਦ ਵੀ। ਬੇਰੀ ਦੇ ਪੱਤੇ ਸਿਰ ਧੋਣ ਤੇ ਕੇਸ ਲੰਮੇ ਕਰਨ ਲਈ ਵਰਤੇ ਜਾਂਦੇ ਹਨ। ਇਸ ਦੀ ਛਿੱਲ ਦਾ ਰਸ ਜ਼ਖਮਾਂ ਨੂੰ ਠੀਕ ਕਰਦਾ ਹੈ। ਪੰਜਾਬੀ ਲੋਕ ਗੀਤਾਂ ਵਿਚ ਬੇਰੀਆਂ 'ਤੇ ਪਿਆ ਬੂਰ ਵਿਯੋਗਣ ਨੂੰ ਲਾਮ 'ਤੇ ਗਏ ਮਾਹੀ ਦੀ ਯਾਦ ਦਿਵਾ ਦਿੰਦਾ ਹੈ।

ਅਜੇ ਆਇਆ ਨਾ ਢੋਲ ਸਿਪਾਹੀ
ਬੇਰੀਆਂ ਨੂੰ ਬੂਰ ਪੈ ਗਿਆ।

ਜਦੋਂ ਬੇਰੀਆਂ 'ਤੇ ਬੇਰ ਲੱਗ ਜਾਂਦੇ ਹਨ ਤਾਂ ਮੁਟਿਆਰਾਂ ਖੁਸ਼ ਹੋ ਕੇ ਆਪਣੇ ਭਾਵਾਂ ਦਾ ਇਜ਼ਹਾਰ ਕਰਦੀਆਂ ਹਨ :

'ਤੈਨੂੰ ਮਿਲਣਾ ਖੇਤ ਵਿਚ ਆ ਕੇ,
ਵੇ ਬੇਰਾਂ ਵਾਲੀ ਰੁੱਤ ਆ ਗਈ।'

'ਤੂਤ' ਦਾ ਜਦੋਂ ਗੀਤਾਂ ਵਿਚ ਜ਼ਿਕਰ ਆਉਂਦਾ ਹੈ ਤਾਂ ਕਲਪਨਾ ਵਿਚ ਹੀ ਪੰਜਾਬੀ ਉਸ ਦੀ ਸੰਘਣੀ ਤੇ ਠੰਢੀ ਛਾਂ ਮਹਿਸੂਸ ਕਰਨ ਲਗਦੇ ਹਨ। ਪੰਜਾਬੀ ਆਪਣੇ ਖੇਤ ਦੀ ਸ਼ਾਨ ਵਧਾਉਣ ਲਈ ਉਸ ਵਿਚ ਮਾਣ ਨਾਲ ਤੂਤ ਲਾਉਂਦੇ ਹਨ। ਜਦੋਂ ਮਿੱਠੇ-ਮਿੱਠੇ ਤੂਤ ਲੱਗ ਜਾਂਦੇ ਹਨ ਤਾਂ ਲੋਕੀਂ ਇਨ੍ਹਾਂ ਨੂੰ ਖੂਬ ਸ਼ੌਂਕ ਨਾਲ ਖਾਂਦੇ ਹਨ। ਤੂਤ ਦੀਆਂ ਛਟੀਆਂ ਟਾਹਣੀਆਂ ਦਾਤਣ ਦੇ ਤੌਰ 'ਤੇ ਅਤੇ ਵੱਡੀਆਂ ਛਟੀਆਂ ਦੇ ਟੋਕਰੇ ਬਣਾਏ ਜਾਂਦੇ ਹਨ ਜੋ ਪਿੰਡਾਂ ਦੇ ਘਰਾਂ ਵਿਚ ਆਮ ਨਜ਼ਰ ਆ ਜਾਂਦੇ ਹਨ। ਇਸ ਦੀ ਲੱਕੜ ਚੀੜ੍ਹੀ ਅਤੇ ਸਖਤ ਹੁੰਦੀ ਹੈ। ਇਨ੍ਹਾਂ ਸਤਰਾਂ ਦੀ ਲੇਖਿਕਾ ਦੀ ਸੱਸ-ਮਾਂ ਸ੍ਰੀਮਤੀ ਸੁਰਜੀਤ ਕੌਰ ਅਨੁਸਾਰ ਚੀਣਾ-ਝੂਲਾ ਇਸੇ ਤੋਂ ਬਣਦਾ ਸੀ। ਕ੍ਰਿਕਟ ਦੇ ਬੱਲੇ, ਹਾਕੀ ਦੀਆਂ ਸਟਿੱਕਾਂ ਅਤੇ ਬੈਡਮਿੰਟਨ ਦੇ ਰੈਕਿਟ ਇਸ ਤੋਂ ਤਿਆਰ ਹੁੰਦੇ ਹਨ। ਬੱਚੇ ਤੂਤ ਦੀਆਂ ਛਟੀਆਂ ਦੇ ਕਮਾਨ ਬਣਾ ਕੇ ਕਾਨਿਆਂ ਦੀਆਂ ਤੀਲਾਂ ਦੇ ਤੀਰ ਚਲਾਉਂਦੇ ਹਨ। ਵਿਆਹ ਤੋਂ ਅਗਲੇ ਦਿਨ 'ਛਟੀਆਂ ਦੀ ਰਸਮ' ਦੌਰਾਨ ਤੂਤ ਦੀਆਂ ਛਟੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਤੂਤ ਦੀ ਛਟੀ ਨੂੰ ਪੰਜਾਬੀ ਸਭਿਆਚਾਰ ਵਿਚ ਇਕ ਖੂਬਸੂਰਤ, ਲੰਮ-ਸਲੰਮੀ ਤੇ ਦ੍ਰਿੜ੍ਹ ਇਰਾਦੇ ਵਾਲੀ ਮੁਟਿਆਰ ਨਾਲ ਤੁਲਨਾਇਆ ਗਿਆ ਹੈ :

ਮੁੰਡਾ ਰੋਹੀ ਦੀ ਕਿੱਕਰ ਦਾ ਜਾਤੂ
ਵਿਆਹ ਕੇ ਲੈ ਗਿਆ ਤੂਤ ਦੀ ਛਟੀ।

ਪੰਜਾਬੀਆਂ ਲਈ 'ਅੰਬ' ਫਲਾਂ ਦਾ ਬਾਦਸ਼ਾਹ ਹੈ। ਬੱਚੇ, ਜਵਾਨ, ਬੁੱਢੇਗੱਲ ਕੀ, ਲਗਭਗ ਹਰ ਵਿਅਕਤੀ ਦੀ ਇਹ ਪਸੰਦ ਬਣਦੇ ਹਨ। ਕਲਮੀ, ਚੌਸਾ, ਸੁਰਖਾ, ਰਸਪਰੀ, ਮਾਲਦਾ, ਬਦਾਮੀ, ਸਫੈਦਾ, ਤੋਤਾ, ਦੁਸਹਿਰੀ, ਲੰਗੜਾ, ਚੂਪਾ ਜਾਂ ਗਧਾ ਕੋਈ ਵੀ ਅੰਬ ਹੋਵੇ ਸਭ ਦਾ ਵੱਖ-ਵੱਖਰਾ ਸੁਆਦ ਹੈ। ਗਰਮੀਆਂ ਵਿਚ ਅੰਬ ਚੂਪਣ ਦਾ ਮਜ਼ਾ ਹੀ ਵੱਖਰਾ ਹੁੰਦਾ ਹੈ। ਅੰਬਾਂ ਵਿਚ ਵਿਟਾਮਿਨ 'ਏ' ਅਤੇ 'ਸੀ' ਕਾਫੀ ਮਾਤਰਾ ਵਿਚ ਹੁੰਦਾ ਹੈ। ਅੰਬੀਆਂ ਦੀ ਚਟਣੀ, ਅਚਾਰ, ਜੈਮ, ਮੁਰੱਬਾ ਅਤੇ ਆਮਪੰਨਾ ਸੁਆਦੀ ਹੋਣ ਦੇ ਨਾਲ-ਨਾਲ ਸਰੀਰ ਲਈ ਲੋੜੀਂਦੇ ਪੌਸ਼ਟਿਕ ਤੱਤ ਵੀ ਦਿੰਦੇ ਹਨ। ਅੰਬ ਪਾਪੜ, ਸਕਵੈਸ਼, ਮੈਂਗੋ ਫਰੂਟੀ ਅਤੇ ਮੈਂਗੋ ਸ਼ੇਕ ਵੀ ਬਹੁਤਿਆਂ ਨੂੰ ਚੰਗੇ ਲੱਗਦੇ ਹਨ। ਜਦੋਂ ਅੰਬਾਂ ਦੇ ਰੁੱਖਾਂ ਨੂੰ ਬੂਰ ਪੈਂਦਾ ਹੈ ਤੇ ਕੋਇਲ ਮਿੱਠੇ-ਮਿੱਠੇ ਗੀਤ ਗਾਉਂਦੀ ਹੈ ਤਾਂ ਜ਼ਿਹਨ ਵਿਚੋਂ ਉਠਦੀਆਂ ਪਿਆਰ ਤਰੰਗਾਂ ਕਰਕੇ ਵਿਛੋੜੇ ਦੀ ਮਾਰ ਝੱਲ ਰਹੀਆਂ ਮੁਟਿਆਰਾਂ ਆਪਣੇ ਜਜ਼ਬੇ ਇਉਂ ਅਭਿਵਿਅਕਤ ਕਰਦੀਆਂ ਹਨ :

ਬੋਲੀ ਅੰਬ ਤੇ ਜਾਂ ਕੋਇਲ ਮੇਰੇ ਹਾਣੀਆਂ,
ਵੇ ਤੱਤੜੀ ਨੂੰ ਯਾਦ ਆ ਗਿਆ।

ਜਿਵੇਂ ਕਿ ਇਸ ਆਲੇਖ ਦੇ ਆਰੰਭ ਵਿਚ ਹੀ ਮਨੁੱਖੀ ਹੋਂਦ ਲਈ ਖਤਰਾ ਬਣ ਰਹੀ ਰੁੱਖਾਂ ਦੀ ਅੰਨ੍ਹੇਵਾਹ ਕਟਾਈ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ, ਉਸ ਦੀ ਲੋਅ ਵਿਚ ਮਨੁੱਖ ਨੂੰ ਵਾਤਾਵਰਨ ਪ੍ਰਤੀ ਚੇਤੰਨ ਹੋਣ ਦੀ ਬਹੁਤ ਜ਼ਰੂਰਤ ਹੈ। 'ਖੰਡ ਬਾਝ ਦੁਧ ਮਿੱਠਾ ਨਾ ਹੁੰਦਾ, ਬਿਰਖਾਂ ਬਾਝ ਨਾ ਛਾਵਾਂ'। ਸੋ ਰੁੱਖਾਂ ਦੀ ਬਹੁ-ਪੱਖੀ ਅਹਿਮੀਅਤ ਸਵੀਕਾਰ ਕਰਦਿਆਂ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਮਨੁੱਖ ਦੀ ਹੋਂਦ ਤੇ ਸੁੱਖਾਂ ਲਈ ਰੁੱਖ ਜ਼ਰੂਰੀ ਹਨ। ਸੋ ਰੁੱਖ ਲਾਉਣੇ ਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨਾ ਸਾਡਾ ਸਾਰਿਆਂ ਦਾ ਕਰਤੱਵ ਹੈ। ਇਹ ਪਰਉਪਕਾਰ ਵਾਲਾ ਕੰਮ ਹੈ। ਵੱਧ ਤੋਂ ਵੱਧ ਰੁੱਖ ਲਗਾਉਣਾ ਕੇਵਲ ਮਾਨਵ ਵਾਸਤੇ ਹੀ ਕਲਿਆਣਕਾਰੀ ਨਹੀਂ ਸਗੋਂ ਪ੍ਰਕਿਰਤੀ ਦਾ ਸੰਤੁਲਨ ਬਰਕਰਾਰ ਰੱਖਣ ਲਈ ਵੀ ਜ਼ਰੂਰੀ ਹੈ।



# ਖੇਤੀ ਸੁਧਾਰਾਂ ਦੇ ਨਾਂਅ 'ਤੇ ਕਾਰਪੋਰੇਟ ਦੀ ਸ਼ਮੂਲੀਅਤ

ਅਜ ਦੁਨੀਆਂ ਵਿਚ ਹਰ ਪਾਸੇ ਖੇਤੀ ਵਿਚ ਸੁਧਾਰਾਂ ਬਾਰੇ ਚਰਚਾ ਹੋ ਰਹੀ ਹੈ । ਕਦੇ ਗੱਲ ਖੇਤੀ ਦੀ ਉਪਜ ਵਧਾਉਣ ਵਿਚ ਕਿਸਾਨਾਂ ਦੀ ਕੁਸ਼ਲਤਾ, ਕਦੇ ਰਸਾਇਣਾਂ ਦੀ ਵਰਤੋਂ ਅਤੇ ਆਰਗੈਨਿਕ ਖੇਤੀ ਸੰਬੰਧੀ ਕਦੇ ਉਪਜ ਦੀ ਗੁਣਵੱਤਾ ਅਤੇ ਕਦੇ ਵਧਦੇ ਤਾਪਮਾਨ ਅਤੇ ਗ੍ਰੀਨ ਹਾਊਸ ਗੈਸਾਂ ਨਾਲ ਜੋੜੀ ਜਾਂਦੀ ਹੈ । ਦੁਨੀਆਂ ਭਰ ਵਿਚ ਹੀ ਕਿਸਾਨਾਂ ਦੀ ਹਾਲਤ ਤਕਰੀਬਨ ਇਕੋ ਜਿਹੀ ਹੈ, ਇਹੀ ਗੱਲ ਵੱਖਰੀ ਹੈ ਕਿ ਵਿਕਸਿਤ ਦੇਸ਼ਾਂ ਵਿਚ ਕਿਸਾਨਾਂ ਦੀ ਗਿਣਤੀ ਉੱਥੋਂ ਦੀ ਆਬਾਦੀ ਦੇ ਲਿਹਾਜ਼ ਨਾਲ ਬਹੁਤ ਥੋੜ੍ਹੀ ਹੈ ਅਤੇ ਭਾਰਤ ਵਰਗੇ ਘੱਟ ਵਿਕਸਿਤ ਦੇਸ਼ਾਂ ਵਿਚ ਇਹ ਅੰਕੜਾ 50 ਤੋਂ 60 ਫੀਸਦੀ ਤੱਕ ਜਾ ਪਹੁੰਚਦਾ ਹੈ । ਸਰਕਾਰਾਂ ਵਲੋਂ ਇਹ ਵੀ ਕਿਹਾ ਜਾਂਦਾ ਹੈ ਕਿ ਕਿਉਂਕਿ ਕਿਸਾਨਾਂ ਕੋਲ ਨਿਵੇਸ਼ ਲਈ ਪੈਸਾ ਨਹੀਂ, ਇਸ ਲਈ ਕਾਰਪੋਰੇਟ ਨੂੰ ਖੇਤੀ ਵਿਚ ਲਿਆਉਣ ਦੀ ਲੋੜ ਹੈ । ਪਿਛਲੇ ਤਿੰਨ ਕਾਨੂੰਨ ਇਸੇ ਸੋਚ ਦੀ ਦੇਣ ਸਨ, ਜਿਨ੍ਹਾਂ ਨੂੰ ਹੁਣ ਵੀ ਵਿੰਗੇ ਟੇਢੇ ਢੰਗ ਨਾਲ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਪਰ ਅਸਲ ਗੱਲ ਇਹ ਹੈ ਕਿ ਖੇਤੀ ਇਕ ਅਜਿਹਾ ਧੰਦਾ ਹੈ ਜੋ ਪੈਸੇ ਵਾਲੇ ਦੇ ਹੱਥ ਵਿਚ ਕਦੇ ਵੀ ਫੇਲ੍ਹ ਹੋਣ ਵਾਲਾ ਨਹੀਂ । ਇਸ ਧੰਦੇ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ, ਪੈਦਾਵਾਰ, ਰੱਖ ਰਖਾਓ, ਪ੍ਰੋਸੈਸਿੰਗ ਅਤੇ ਮਾਰਕੀਟਿੰਗ । ਪਿਛਲੇ ਤਿਨ ਹਿੱਸੇ ਸਟੋਰੇਜ, ਪ੍ਰੋਸੈਸਿੰਗ ਅਤੇ ਮੰਡੀਕਰਨ ਪਹਿਲਾਂ ਹੀ ਕਾਰਪੋਰੇਟਸ ਦੇ ਹੱਥ ਵਿਚ ਹਨ ਜੇ ਪੈਦਾਵਾਰ ਵੀ ਇਨ੍ਹਾਂ ਦੇ ਹੱਥ ਵਿਚ ਆ ਜਾਵੇ ਤਾਂ ਸਮੁੱਚਾ ਖੁਰਾਕ ਉਦਯੋਗ ਇਨ੍ਹਾਂ ਦੇ ਕਬਜ਼ੇ ਵਿਚ ਹੋਵੇਗਾ । ਕਾਰਪੋਰੇਟਸ ਨੂੰ ਜ਼ਮੀਨ ਮਾਰਕੀਟ ਰੇਟ 'ਤੇ ਖਰੀਦਣ ਦੀ ਆਦਤ ਹੀ ਨਹੀਂ । ਸਰਕਾਰਾਂ ਇਨ੍ਹਾਂ ਨੂੰ ਜ਼ਮੀਨਾਂ ਆਪ ਅਕੁਆਇਰ ਕਰਕੇ ਸਸਤੇ ਭਾਅ 'ਤੇ ਜਾਂ ਮੁਫਤ ਉਦਯੋਗ ਲਗਾਉਣ ਨੂੰ ਦਿੰਦੀਆਂ ਰਹੀਆਂ ਹਨ । ਇਸੇ ਕਰਕੇ ਸੁਧਾਰਾਂ ਵਿਚ ਠੇਕੇ ਦੀ ਖੇਤੀ 'ਤੇ ਜ਼ੋਰ ਹੈ ਜ਼ਮੀਨ ਕੰਪਨੀ ਨੂੰ ਠੇਕੇ 'ਤੇ ਦੇਣ ਵਿਚ ਅਤੇ ਆਮ ਕਿਸਾਨ ਨੂੰ ਠੇਕੇ 'ਤੇ ਦੇਣ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ ।

ਕੁਝ ਵਰ੍ਹੇ ਪਹਿਲਾਂ ਇਕ ਪੰਜਾਬੀ ਸਰਦਾਰ ਜਿਸ ਨੂੰ ਗਰਾਊਂਡ ਨਟ ਕਿੰਗ ਦੇ ਨਾਮ ਨਾਲ ਨਿਵਾਜ਼ਿਆ ਗਿਆ ਉਸ ਦੀ ਸਕਸੈਸ ਸਟੋਰੀ ਦੇਖੋ ਤਾਂ ਉਹ ਵੀ ਇਕ ਮਲਟੀਨੈਸ਼ਨਲ ਕੰਪਨੀ ਸਿੰਗਾਪੁਰ ਤੋਂ ਚਲਦੀ ਹੈ ਉਸਦਾ ਮੁਲਾਜ਼ਮ ਹੈ । ਉਸਨੂੰ ਓਲਮ ਇੰਟਰਨੈਸ਼ਨਲ ਕੰਪਨੀ ਵਲੋਂ 2005 ਵਿਚ ਅਰਜਨਟੀਨਾ ਮੂੰਗਫਲੀ ਖਰੀਦਣ ਲਈ ਭੇਜਿਆ ਗਿਆ । ਉਸਨੇ ਉੱਥੇ ਜਾ ਕੇ ਰਿਪੋਰਟ ਦਿੱਤੀ ਕਿ ਸਾਨੂੰ ਇਥੋਂ ਖਰੀਦਣ ਦੀ ਬਜਾਏ ਜ਼ਮੀਨ ਠੇਕੇ 'ਤੇ ਲੈ ਕੇ ਆਪ ਮੂੰਗਫਲੀ ਦੀ ਖੇਤੀ ਕਰਨੀ ਚਾਹੀਦੀ ਹੈ, ਕੰਪਨੀ ਨੇ ਉਸ ਦੀ ਸਲਾਹ ਮੰਨ ਲਈ । 2016 ਤੱਕ ਕੰਪਨੀ ਤਕਰੀਬਨ 9000 ਏਕੜ ਜ਼ਮੀਨ 'ਤੇ ਖੇਤੀ ਕਰਨ ਲੱਗ ਗਈ । ਇਕੱਲਾ ਖੇਤੀ ਨਹੀਂ ਨਹੀਂ ਬਲਕਿ ਸਹਾਇਕ ਧੰਦਿਆਂ ਵਿਚ ਵੀ ਕਾਰਪੋਰੇਟਸ ਦਾ ਦਾਖਲਾ ਹੋ ਚੁੱਕਿਆ ਹੈ । ਜਿਵੇਂ ਕਿ ਡੇਅਰੀ ਅਤੇ ਮੀਟ ਦੇ ਧੰਦੇ ਨੂੰ ਅਮਰੀਕਾ ਵਿਚ ਫੈਕਟਰੀ ਫਾਰਮਿੰਗ ਦਾ ਨਾਮ ਦਿੱਤਾ ਗਿਆ ਤਾਂ ਜੋ ਜਾਨਵਰਾਂ ਨੂੰ ਥੋੜ੍ਹੀ ਜਗ੍ਹਾ ਵਿਚ ਰੱਖ ਕੇ ਵੱਧ ਖੁਰਾਕ ਅਤੇ ਹਾਰਮੋਨ ਦੇ ਕੇ ਉਸ ਤੋਂ ਵੱਧ ਤੋਂ ਵੱਧ ਪੈਦਾਵਾਰ ਲਈ ਜਾ ਸਕੇ । ਜਦੋਂ ਅਮਰੀਕਾ ਦੀ ਯੂ.ਕੇ. ਨਾਲ ਬਰੈਕਜ਼ਿਟ ਤੋਂ ਬਾਅਦ ਸੰਧੀ ਹੋਈ ਤਾਂ ਅਮਰੀਕਾ ਨੇ ਸਾਫ ਕਹਿ ਦਿੱਤਾ ਕਿ ਜਾਂ ਤਾਂ ਆਪਣੇ ਖੁਰਾਕ ਦੇ ਨਿਯਮ (ਸੇਫਟੀ ਸਟੈਂਡਰਡ) ਹੇਠਾਂ ਕਰ ਲਓ ਤਾਂ ਖਤਮ ਹੋ ਜਾਓ । ਇਨ੍ਹਾਂ ਗੱਲਾਂ ਨੂੰ ਕੁਝ ਕਿਸਾਨ ਤਾਂ ਸਮਝਣ ਲੱਗ ਪਏ ਹਨ ਪਰ ਆਮ ਜਨਤਾ ਨੂੰ ਇਸਦੀ ਸਮਝ ਨਹੀਂ ਆ ਰਹੀ । ਅੱਜ ਅਮਰੀਕਾ ਦੇ ਪਿੰਡਾਂ ਦਾ ਹਾਲ ਦੇਖੋ ਤਾਂ ਉਥੇ ਪਿੰਡਾਂ ਦੇ ਪਿੰਡ ਖਤਮ ਹੋ ਗਏ ਹਨ । ਉੱਥੇ ਇਕੱਲੇ ਕਿਸਾਨ ਨਹੀਂ ਨਿਕਲੇ, ਉਹਨਾਂ ਪਿੰਡਾਂ ਵਿਚ ਕਿਸਾਨਾਂ ਨੂੰ ਸੇਵਾਵਾਂ ਦੇਣ ਵਾਲੇ ਛੋਟੇ ਵਪਾਰੀ, ਡਾਕਟਰ, ਮਾਸਟਰ, ਮਨੋਰੰਜਨ ਦੇ ਸਾਧਨ ਅਤੇ ਹੋਟਲ ਰੈਸਟੋਰੈਂਟ ਆਦਿ ਚਲਾਉਣ ਵਾਲੇ ਪਰਿਵਾਰਾਂ ਦਾ ਵੀ ਉਜਾੜਾ ਹੋ ਗਿਆ ਹੈ । ਉੱਥੇ ਇਹ ਸਭ ਕੁਝ ਚੱਲ ਗਿਆ ਕਿਉਂਕਿ ਉੱਥੇ ਆਬਾਦੀ ਸਿਰਫ 33 ਕਰੋੜ ਦੀ ਹੈ । ਪਰ ਹਾਲਾਤ ਨੂੰ ਘੋਖੋ ਤਾਂ ਪਤਾ ਲਗਦਾ ਹੈ ਕਿ 11 ਫੀਸਦੀ ਲੋਕ ਉੱਥੇ ਵੀ ਗਰੀਬੀ ਰੇਖਾ ਤੋਂ ਹੇਠਾਂ ਹਨ । ਇਸ ਵੇਲੇ ਇਨ੍ਹਾਂ ਕਾਰਪੋਰੇਟਸ ਦਾ ਸਾਰਾ ਧਿਆਨ ਅਫਰੀਕਾ ਅਤੇ ਭਾਰਤ ਦੀਆਂ ਜ਼ਮੀਨਾਂ ਉੱਪਰ ਹੈ । ਇਸ ਵਿਚ ਜੇ ਭਾਰਤ ਦੀ ਗੱਲ ਕਰੀਏ ਤਾਂ ਸਭ ਤੋਂ ਵੱਧ ਨਿਗਾਹ ਇਨ੍ਹਾਂ ਦੀ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਕੁਝ ਹਿੱਸੇ 'ਤੇ ਹੈ । ਉਸਦਾ ਮੁੱਖ ਕਾਰਨ ਹੈ ਕਿ ਇਥੋਂ ਦੀ ਜ਼ਮੀਨ ਅਤੇ ਪੌਣ ਪਾਣੀ ਖੇਤੀ ਲਈ ਸਭ ਤੋਂ ਜ਼ਿਆਦਾ ਅਨੁਕੂਲ ਹੈ । ਇਨ੍ਹਾਂ ਇਲਾਕਿਆਂ ਵਿਚ ਪਾਣੀ ਦੀ ਉਪਲੱਭਤਾ ਵੀ ਹੈ । ਦੂਜਾ ਇਹ ਕੰਪਨੀਆਂ ਸਿਲਕ ਰੂਟ ਚਲਵਾ ਲੈਣਗੀਆਂ ਭਾਵ ਪਾਕਿਸਤਾਨ ਜ਼ਰੀਏ ਯੂਰਪ ਤੱਕ ਦਾ ਮਾਰਗ ਜੋ ਅੱਜ ਬੰਦ ਕੀਤਾ ਹੋਇਆ ਹੈ । ਸਿਰਫ ਇੰਤਜ਼ਾਰ ਹੈ ਜ਼ਮੀਨਾਂ ਇਨ੍ਹਾਂ ਦੇ ਹੱਥ ਵਿਚ ਆਉਣ ਦਾ ।

**ਪੈਦਾਵਾਰ ਦੀ ਗੁਣਵੱਤਾ** : ਇਸ ਵੇਲੇ ਭਾਰਤ ਵਿਚ ਜ਼ਮੀਨਾਂ ਹਥਿਆਉਣ ਲਈ ਇਨ੍ਹਾਂ ਨੇ ਇਕ ਨਵਾਂ ਪ੍ਰਾਪੇਗੰਡਾ ਛੱਡਿਆ ਹੈ ਕਿ ਕਿਸਾਨ ਜਿਹੜਾ ਉਗਾ ਰਹੇ ਹਨ ਉਹ ਕੁਆਲਟੀ ਪੱਖੋਂ ਠੀਕ ਨਹੀਂ । ਭਾਵ ਕਹਿਣ ਦਾ ਭਾਵ ਕਿ ਫਸਲ ਦੇ ਰੂਪ ਵਿਚ ਲੋਕਾਂ ਨੂੰ ਜ਼ਹਿਰ ਖਵਾਇਆ ਜਾ ਰਿਹਾ ਹੈ । ਅੱਜ ਇਹ ਲੋਕ ਹਰੀ ਕ੍ਰਾਂਤੀ ਨੂੰ ਕੋਸਦੇ ਹਨ । ਜਿਸ ਸਦਕਾ ਆਮ ਬੰਦੇ ਦੇ ਮੂੰਹ ਵਿਚ ਬੁਰਕੀ ਪੈਣ ਲਈ ਅਤੇ ਸਾਡਾ ਖਹਿੜਾ ਛੁੱਟਿਆ ਅਮਰੀਕਾ ਦੀ ਡੀ ਟੀ ਡੀ ਵਾਲੀ ਪੀ ਐੱਲ-480 ਕਣਕ ਤੋਂ । ਇਹ ਸਦਕਾ ਅਸੀਂ ਆਤਮ ਨਿਰਭਰ ਤਾਂ ਹੋਏ ਹੀ ਨਾਲ ਹੀ ਨਾਲ ਅਸੀਂ ਦੂਜੇ ਦੇਸ਼ ਨੂੰ ਅਨਾਜ ਬਰਾਮਦ ਵੀ ਕਰਨ ਲੱਗ ਪਏ । ਇਹ ਲੋੜ ਕਈ ਬੁੱਧੀਜੀਵੀਆਂ ਅਤੇ ਵਿਗਿਆਨੀਆਂ ਨੂੰ ਆਪਣੇ ਨਾਲ ਜੋੜ ਕੇ ਉਨ੍ਹਾਂ ਤੋਂ ਇਹ ਪ੍ਰਚਾਰ ਕਰਵਾ ਰਹੇ ਹਨ ਕਿ ਕਿਸਾਨਾਂ ਦੀ ਖੇਤੀ ਉਤਪਾਦਨ ਮਿਆਰੀ ਨਹੀਂ ਹੈ । ਇਸ ਦੇ ਵਿਚ ਵੱਡਾ ਸਵਾਲ ਹੈ ਕਿ ਰਸਾਇਣਕ ਖਾਦਾਂ ਅਤੇ ਕੀਟਨਾਸ਼ਕ ਬਣਦੇ ਕਿਸਦੇ ਕਾਰਖਾਨਿਆਂ ਵਿਚ ਹਨ । ਉਨ੍ਹਾਂ ਲੋਕਾਂ ਦੇ ਕਾਰਖਾਨਿਆਂ ਵਿਚ ਜੋ ਆਰਗੈਨਿਕ ਅਤੇ ਕੁਦਰਤੀ ਖਾਣੇ ਦਾ ਰੌਲਾ ਪਾਉਂਦੇ ਹਨ । ਇਸ ਵਿਚ ਜ਼ਿਕਰਯੋਗ ਹੈ ਕਿ ਖੇਤ ਤੋਂ ਪਲੇਟ ਤੱਕ ਪਹੁੰਚਣ ਦੀ ਸਟੋਰੇਜ ਅਤੇ ਪ੍ਰੋਸੈਸਿੰਗ ਫਿਰ ਕਾਰਪੋਰੇਟ ਵਾਲੇ ਹੀ ਕਰਦੇ ਹਨ । ਉਸ ਅਨਾਜ ਨੂੰ ਬਚਾਉਣ ਲਈ ਕੈਮੀਕਲ ਵਰਤੇ ਜਾਂਦੇ ਹਨ । ਉਸ ਤੋਂ ਬਾਅਦ ਉਸ ਨੂੰ ਪ੍ਰੋਸੈਸ ਕਰਕੇ ਆਟਾ, ਦਾਲਾਂ, ਬਰੈੱਡ, ਬਰਗਰ, ਪੀਜ਼ੇ, ਚਿਪਸ, ਬਿਸਕੁਟ ਆਦਿ ਬਣਾਉਣ ਵੇਲੇ ਪ੍ਰੈਜ਼ਰਵੇਟਿਵ ਪਾਏ ਜਾਂਦੇ ਹਨ ਉਹ ਅਸਲ ਜੜ੍ਹ ਹਨ ਲੋਕਾਂ ਦੀ ਸਿਹਤ ਖਰਾਬ ਕਰਨ । ਉਦਾਹਰਨ ਦੇ ਤੌਰ 'ਤੇ ਪਹਿਲਾਂ ਦੇਸੀ ਘਿਓ ਨੂੰ ਭੰਡਿਆ ਗਿਆ ਉਸ ਦੇ ਬਦਲ ਵਿਚ ਡਾਲਡਾ ਫੇਰ ਰਿਫਾਇੰਡ ਉਸ ਤੋਂ ਅੱਗੇ ਉਲਿਵ ਆਇਲ ਵਗੈਰਾ ਲਿਆਂਦੇ ਗਏ । ਜਦੋਂ ਕਾਰਪੋਰੇਟ ਨੇ ਡੇਅਰੀ ਇੰਡਸਟਰੀ ਵਿਚ ਪੈਰ ਧਰ ਲਏ, ਅੱਜ ਮੁੜ ਕੇ ਉਹ ਦੇਸੀ ਘਿਓ ਠੀਕ ਹੋ ਗਿਆ ।



ਡਾ. ਅਮਨਪ੍ਰੀਤ ਸਿੰਘ ਬਰਾੜ
ਮੋ: 96537-90000

ਇਹੀ ਹਾਲ ਇਨ੍ਹਾਂ ਨੇ ਸਾਡੀਆਂ ਜ਼ਮੀਨਾਂ ਦਾ ਕਰਨਾ ਹੈ । ਅੱਜ ਆਰਗੈਨਿਕ ਅਤੇ ਕੁਦਰਤੀ ਦੇ ਨਾਮ 'ਤੇ ਪੈਦਾਵਾਰ ਅੱਧ 'ਤੇ ਪਹੁੰਚਾ ਦੇਣੀ ਹੈ । ਇਕ ਜਾਂ ਦੂਜੇ ਸੀਜ਼ਨ ਰਹਿੰਦੇ ਕਿਸਾਨ ਵੀ ਜ਼ਮੀਨਾਂ ਤੋਂ ਭੱਜਣਗੇ, ਫਿਰ ਆਊ ਅਸਲੀ ਖੇਡ । ਅੱਜ ਜਿਹੜੇ ਦੇਸ਼ ਸਭ ਤੋਂ ਵੱਧ ਆਰਗੈਨਿਕ ਜਾਂ ਕੁਦਰਤੀ ਖੇਤੀ ਦਾ ਝੰਡਾ ਚੁੱਕੀ ਫਿਰਦੇ ਹਨ, ਉਨ੍ਹਾਂ ਦਾ ਹਾਲ ਇਹ ਹੀ ਹੈ । ਜਪਾਨ ਜੋ ਦੁਨੀਆਂ ਲਈ ਮਿਸਾਲ ਬਣਦਾ ਹੈ ਉਸ ਸਭ ਤੋਂ ਘੱਟ ਜ਼ਮੀਨ 'ਤੇ ਖੇਤੀ ਕਰਦਾ ਹੈ ਪਰ ਦੁਨੀਆ ਵਿਚ ਸਭ ਤੋਂ ਜ਼ਿਆਦਾ ਰਸਾਇਣਕ ਖਾਦਾਂ ਅਤੇ ਕੀਟਨਾਸ਼ਕ ਵਰਤਦਾ ਹੈ । ਆਸਟ੍ਰੇਲੀਆ ਕੁਦਰਤੀ ਖੇਤੀ ਵਿਚ ਇਸ ਲਈ ਹੈ ਕਿਉਂਕਿ ਉਸ ਕੋਲ ਜ਼ਮੀਨ ਹੀ ਬਰਾਨੀ ਹੈ । ਆਸਟ੍ਰੇਲੀਆ ਕੁੱਲ ਖੇਤੀ ਵਾਲੀ ਜ਼ਮੀਨ 'ਚੋਂ ਸਿਰਫ 9.9 ਫੀਸਦੀ ਹਿੱਸੇ 'ਤੇ ਆਰਗੈਨਿਕ ਖੇਤੀ ਕਰਦਾ ਹੈ ।

ਇੱਥੇ ਇਕ ਗੱਲ ਹੋਰ ਸਮਝਣ ਦੀ ਲੋੜ ਹੈ ਕਿ ਜਦੋਂ ਪੈਦਾਵਾਰ ਚੌਥਾ ਹਿੱਸਾ ਰਹਿ ਗਈ ਤਾਂ ਅਨਾਜ ਹੋਰ ਮਹਿੰਗਾ ਹੋਊਗਾ । ਅੱਜ ਹੀ ਰੌਲਾ ਪਾਈ ਜਾਂਦੇ ਹਨ ਕਿ ਐੱਮ. ਐੱਸ. ਪੀ. ਦੇਣ ਨਾਲ ਅਨਾਜ ਦੀ ਮਹਿੰਗਾਈ ਵਧ ਰਹੀ ਹੈ । ਲੋਕਾਂ ਨੂੰ ਅੱਜ ਸਰਕਾਰੀ ਅਨਾਜ 'ਤੇ ਪਲਣਾ ਪੈ ਰਿਹਾ ਹੈ । ਜਦੋਂ ਇਹ ਕੰਮ ਹੋ ਗਿਆ ਫੇਰ ਅਨਾਜ ਦੀ ਮਹਿੰਗਾਈ ਕਿੱਥੇ ਪਹੁੰਚੇਗੀ । ਗੱਲ ਸਿਰਫ 'ਤੇ ਸਿਰਫ ਖੇਤੀ ਪੈਦਾਵਾਰ 'ਤੇ ਕਬਜ਼ਾ ਕਰਨ ਦੀ ਹੈ ।

**ਲੈਬਾਰਟਰੀ ਖੁਰਾਕ** : ਕਾਰਪੋਰੇਟਸ ਹੁਣ ਖੋਜ ਕਰਕੇ ਕੁਝ ਇਹੋ ਜਿਹੇ ਖੁਰਾਕੀ ਪਦਾਰਥ ਦੀ ਬਾਜ਼ਾਰ ਵਿਚ ਲੈ ਕੇ ਆ ਰਹੇ ਹਨ ਜਿਹੜੇ ਫੈਕਟਰੀਆਂ ਵਿਚ ਬਣਨਗੇ । ਉਦਾਹਰਣ ਦੇ ਤੌਰ 'ਤੇ ਹੈਲਸਿੰਕੀ ਸ਼ਹਿਰ ਵਿਚ ਸਥਾਪਿਤ ਸੋਲਰ ਫੂਡ ਵਿਚ ਫੈਕਟਰੀ ਦੇ ਅੰਦਰ ਹੀ ਬੈਕਟੀਰੀਆ ਅਤੇ ਪਾਣੀ ਤੋਂ ਆਟੇ ਵਰਗਾ ਪਦਾਰਥ ਤਿਆਰ ਕਰਨ ਦੀ ਖੋਜ ਚੱਲ ਰਹੀ ਹੈ । ਇਸ ਦੇ ਨਾਲ ਹੀ ਕੁਝ ਲੋਕਾਂ ਨੇ ਜਾਨਵਰਾਂ 'ਤੇ ਤਸ਼ੱਦਦ ਨਾਮ ਦਾ ਇਕ ਨਵਾਂ ਸ਼ੋਸ਼ਾ ਛੱਡਿਆ ਹੋਇਆ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਪਸ਼ੂ ਆਧਾਰਿਤ ਖੁਰਾਕ ਨਹੀਂ ਖਾਣੀ ਚਾਹੀਦੀ । ਜਾਨਵਰਾਂ ਨੂੰ ਪਾਲ ਕੇ ਇਨ੍ਹਾਂ ਤੋਂ ਮਿਲਣ ਵਾਲੇ ਪਦਾਰਥ ਖਾਣ ਪੀਣ ਨਾਲ ਇਨ੍ਹਾਂ 'ਤੇ ਅੱਤਿਆਚਾਰ ਕਿਵੇਂ ਹੋਇਆ ? ਫੈਕਟਰੀ ਫਾਰਮਿੰਗ ਇਨ੍ਹਾਂ ਅਮੀਰਾਂ ਦੀ ਦੇਣ ਹੈ ਨਾ ਕਿ ਕਿਸਾਨਾਂ ਦੀ । ਕਿਸਾਨ ਤੋਂ ਇਨ੍ਹਾਂ ਨੂੰ ਖੁੱਲ੍ਹੀ ਹਵਾ ਵਿਚ ਰੱਖ ਕੇ ਪਾਲਦੇ ਸੀ । ਕਮਰਿਆਂ ਅਤੇ ਪਿੰਜਰਿਆਂ ਵਿਚ ਜਾਨਵਰਾਂ ਨੂੰ ਬੰਦ ਉਦਯੋਗਪਤੀਆਂ ਨੇ ਕੀਤਾ । ਅਸਲ ਵਿਚ ਹੁਣ ਇਹ ਲੋਕ ਇਸ ਤਰ੍ਹਾਂ ਲੋਕਾਂ ਨੂੰ ਗੁੰਮਰਾਹ ਕਰਕੇ ਆਪਣੀਆਂ ਫੈਕਟਰੀਆਂ ਵਿਚ ਤਿਆਰ ਲੈਬ ਗਰੋਨ ਮੀਟ, ਦੁੱਧ ਜਾਂ ਹੋਰ ਡੇਅਰੀ ਵਰਗੀਆਂ ਵਸਤੂਆਂ ਵੇਚਣਾ ਚਾਹੁੰਦੇ ਹਨ । ਅਮਰੀਕਾ ਦੀ ਐਫ. ਡੀ. ਏ. ਨੇ ਵੀ ਇਨ੍ਹਾਂ ਨੂੰ ਵੇਚਣ ਦੀ ਇਜਾਜ਼ਤ ਦੇ ਦਿੱਤੀ ਹੈ । ਇਸ ਵੇਲੇ ਸਿੰਗਾਪੁਰ ਵਿਚ ਹੁਬਰ ਬੁਟਚੂਰੀ ਅਤੇ ਬਿਸਤਰੋ ਦੇ ਲੈਬ ਵਿਚ ਤਿਆਰ ਕੀਤਾ ਮੁਰਗੇ ਦਾ ਮੀਟ ਪਰੋਸਿਆ ਜਾਂਦਾ ਹੈ । ਇਸ ਵਿਚ ਸਵਾਦ ਅਤੇ ਬਨਾਵਟ ਦਾ ਖਾਸ ਧਿਆਨ ਰੱਖਿਆ ਗਿਆ ਹੈ ਤਾਂ ਜੋ ਇਹ ਅਸਲੀ ਮੀਟ ਵਰਗਾ ਹੀ ਲੱਗੇ । ਯੂਰਪੀਅਨ ਯੂਨੀਅਨ ਵਿਚ ਅਜੇ ਇਨ੍ਹਾਂ ਪਦਾਰਥਾਂ ਦੀ ਸ਼ੁਰੂਆਤ ਨਹੀਂ ਹੋਈ ਕਿਉਂਕਿ ਉਨ੍ਹਾਂ ਨੇ ਇਸ 'ਤੇ ਪੋਲਟਰੀ/ਡੇਅਰੀ ਦਾ ਲੇਬਲ ਲਾਉਣ ਤੋਂ ਮਨ੍ਹਾਂ ਕਰ ਦਿੱਤਾ ਹੈ ।

**ਨਿਚੋੜ** : ਇਸ ਵਿਚ ਸਰਕਾਰਾਂ ਨੂੰ ਸੋਚਣਾ ਚਾਹੀਦਾ ਹੈ ਕਿ ਜੇ ਜ਼ਮੀਨਾਂ ਵੱਡੀਆਂ ਕੰਪਨੀਆਂ ਕੋਲ ਚਲੀਆਂ ਗਈਆਂ ਤਾਂ ਆਟੋਮੇਸ਼ਨ ਵਧੂ, ਜਿਸ ਨਾਲ ਬੇਰੁਜ਼ਗਾਰੀ ਜੋ ਪਹਿਲਾਂ ਹੀ ਬੇਲਗਾਮ ਹੋਈ ਫਿਰਦੀ ਹੈ ਹੋਰ ਵਧੂ । ਦੂਜੇ ਪਾਸੇ ਅਨਾਜ ਕਾਰਪੋਰੇਟਸ ਦੇ ਹੱਥਾਂ ਵਿਚ ਚਲਾ ਗਿਆ ਤਾਂ ਫਿਰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਕੀ ਬਣੂੰ ? ਵਿਹਲੇ ਲੋਕ ਭੁੱਖੇ ਢਿੱਡ ਦੇਸ਼ ਵਿਚ ਅਸਥਿਰਤਾ ਫੈਲਾਉਣਗੇ ।



ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com



# ਪੰਜਾਬ ਦੀ ਧਰਤੀ ਹੇਠਲੇ ਪਾਣੀ ਦੀ ਤਬਾਹੀ ਲਈ ਕੌਣ ਜ਼ਿੰਮੇਵਾਰ?

## ਵੋਟ ਬੈਂਕ ਸਿਆਸਤ ਨੇ ਪੰਜਾਬ ਦੇ ਪਾਣੀਆਂ ਦੀ ਤਬਾਹੀ ਦਾ ਮੁੱਢ ਬੰਨ੍ਹਿਆ

ਪ੍ਰੋ. ਹਰਦੇਵ ਸਿੰਘ ਵਿਰਕ
ਮੋਬਾਈਲ : 94175-53347

ਪਿਛਲੇ ਦਿਨੀਂ ਇਕ ਖਬਰ ਛਪੀ ਸੀ ਜਿਸ ਵਿਚ ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਧਰਤੀ ਹੇਠਲਾ ਪਾਣੀ ਮਾਰੂ ਹੋਣ ਬਾਰੇ ਚੇਤਾਵਨੀ ਦਿਤੀ ਗਈ ਸੀ। ਦਰਅਸਲ, ਇਹ ਮਸਲਾ ਪਾਰਲੀਮੈਂਟ ਵਿਚ ਕਾਂਗਰਸ ਦੇ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਇਕ ਸਵਾਲ ਦੇ ਰੂਪ ਵਿਚ ਉਠਾਇਆ ਸੀ। ਇਸ ਦੇ ਜਵਾਬ 'ਚ ਕੇਂਦਰੀ ਜਲ ਸ਼ਕਤੀ ਰਾਜ ਭੂਸ਼ਣ ਚੌਧਰੀ ਹੋਰਾਂ ਜੋ ਅੰਕੜੇ ਪੇਸ਼ ਕੀਤੇ, ਉਹ ਬਹੁਤ ਹੀ ਹੈਰਾਨਕੁਨ ਸਨ। ਮੰਤਰੀ ਜੀ ਨੇ ਅੰਕੜੇ ਕੇਂਦਰੀ ਜਲ ਬੋਰਡ ਮਹਿਕਮੇ ਤੋਂ ਲੈ ਕੇ ਪੇਸ਼ ਕੀਤੇ ਸਨ। ਅੰਕੜੇ ਬਿਆਨ ਕਰਦੇ ਹਨ ਕਿ ਪੰਜਾਬ ਦੇ ਵਧੇਰੇ ਜ਼ਿਲ੍ਹਿਆਂ ਦਾ ਧਰਤੀ ਹੇਠਲਾ ਪਾਣੀ ਪ੍ਰਦੂਸ਼ਤ ਹੋ ਚੁੱਕਾ ਹੈ ਤੇ ਇਸ ਦੇ ਪੀਣ ਨਾਲ ਕੈਂਸਰ ਅਤੇ ਹੋਰ ਭਿਆਨਕ ਬਿਮਾਰੀਆਂ ਦੀ ਮਾਰ ਹੇਠ ਆਉਣ ਦੀ ਸੰਭਾਵਨਾ ਬਣ ਸਕਦੀ ਹੈ। ਇਸ ਖਬਰ ਦੇ ਅਖੀਰ 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਪੰਜਾਬ 'ਵਰਸਿਟੀ ਚੰਡੀਗੜ੍ਹ ਦੁਆਰਾ ਕੀਤੀ ਗਈ ਖੋਜ ਦਾ ਜ਼ਿਕਰ ਵੀ ਕੀਤਾ ਗਿਆ ਸੀ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਭੌਤਿਕ ਵਿਗਿਆਨ ਵਿਭਾਗ ਦਾ ਮੁਖੀ ਹੋਣ ਦੇ ਨਾਤੇ ਮੇਰੇ ਖੋਜੀਆਂ ਨੇ ਮਾਲਵੇ ਦੇ ਬਠਿੰਡੇ ਜ਼ਿਲ੍ਹੇ ਦੇ ਪਿੰਡਾਂ ਦੇ ਪਾਣੀ, ਮਿੱਟੀ ਅਤੇ ਹਵਾ ਦਾ ਸਰਵੇਖਣ ਕੀਤਾ। ਇਹ ਖੋਜ ਅਸੀਂ 1990 ਦੇ ਦਹਾਕੇ ਤੋਂ ਸ਼ੁਰੂ ਕਰ ਰੱਖੀ ਸੀ। ਅਸੀਂ ਪਾਣੀ ਅਤੇ ਮਿੱਟੀ ਵਿਚ ਯੂਰੇਨੀਅਮ ਦੀ ਮਾਤਰਾ ਅਤੇ ਇਸ ਤੋਂ ਪੈਦਾ ਹੋਣ ਵਾਲੀਆਂ ਰੇਡਾਨ ਅਤੇ ਥੋਰਾਨ ਗੈਸਾਂ ਦੀ ਮਾਤਰਾ ਵੀ ਮਾਪ ਰਹੇ ਸੀ। ਰੇਡਾਨ ਦੀ ਵਧੇਰੇ ਮਾਤਰਾ ਸਾਹ ਰਾਹੀਂ ਸਾਡੇ ਫੇਫੜਿਆਂ 'ਤੇ ਅਸਰ ਪਾਉਂਦੀ ਹੈ ਅਤੇ ਕੈਂਸਰ ਦੀ ਇਲਾਮਤ ਨੂੰ ਜਨਮ ਦਿੰਦੀ ਹੈ। ਯੂਰੇਨੀਅਮ ਦੀ ਰੇਡੀਏਸ਼ਨ ਤਾਂ ਬਹੁਤਾ ਪ੍ਰਭਾਵ ਨਹੀਂ ਪਾਉਂਦੀ ਪ੍ਰੰਤੂ ਇਸ ਦੇ ਸਰੀਰ ਅੰਦਰ ਰਸਾਇਣਕ ਪ੍ਰਭਾਵ ਹਾਨੀਕਾਰਕ ਹੁੰਦੇ ਹਨ। ਸਾਡੀ ਖੋਜ ਤੋਂ ਸਿੱਟਾ ਨਿਕਲਿਆ ਕਿ ਜਿਹੜੇ ਪਿੰਡਾਂ ਵਿਚ ਯੂਰੇਨੀਅਮ ਅਤੇ ਰੇਡਾਨ ਦੀ ਮਾਤਰਾ ਵਧੇਰੇ ਹੈ, ਉੱਥੇ ਕੈਂਸਰ ਦੇ ਸ਼ਿਕਾਰ ਮਰੀਜ਼ਾਂ ਦੀ ਬਹੁਤਾਤ ਹੈ। ਇਨ੍ਹਾਂ 'ਚੋਂ ਬਹੁਤੇ ਪਿੰਡ ਤਲਵੰਡੀ ਸਾਬੋ ਹਲਕੇ (ਤਹਿਸੀਲ) 'ਚ ਮੌਜੂਦ ਹਨ। ਯੂਰੇਨੀਅਮ ਨੂੰ ਕੈਂਸਰ ਨਾਲ ਜੋੜਨਾ ਇਕ ਕਿਆਸਅਰਾਈ ਹੀ ਕਿਹਾ ਜਾ ਸਕਦੈ। ਇਸ ਕੰਮ ਲਈ ਵਿਸ਼ੇਸ਼ ਡਾਕਟਰ ਦੀ ਰਾਏ ਜ਼ਰੂਰੀ ਹੈ। ਭਾਭਾ ਐਟਮੀ ਊਰਜਾ ਕੇਂਦਰ ਦੇ ਵਿਗਿਆਨੀ ਇਸ ਧਾਰਨਾ ਦੇ ਉਲਟ ਹਨ। ਉਹ ਕਹਿੰਦੇ ਹਨ ਕਿ ਮਾਲਵੇ ਵਿਚ ਕੈਂਸਰ ਦਾ ਕਾਰਨ ਯੂਰੇਨੀਅਮ ਨਹੀਂ ਬਲਕਿ ਇੱਥੋਂ ਦੇ ਲੋਕਾਂ ਦਾ ਰਹਿਣ-ਸਹਿਣ ਦਾ ਤਰੀਕਾ ਹੈ। ਅਸੀਂ ਉਨ੍ਹਾਂ ਦੀ ਧਾਰਨਾ ਨਾਲ ਸਹਿਮਤ ਨਹੀਂ।

ਇਹ ਬਹੁਤ ਹੀ ਖੁਸ਼ੀ ਦੀ ਗੱਲ ਹੈ ਕਿ ਪੰਜਾਬ ਦੇ ਮੈਂਬਰ ਪਾਰਲੀਮੈਂਟ ਪਾਰਟੀ ਹਿੱਤਾਂ ਤੋਂ ਉੱਪਰ ਉੱਠ ਕੇ ਪੰਜਾਬ ਦੇ ਮਸਲਿਆਂ ਬਾਰੇ ਚਿੰਤਤ ਹਨ, ਜਿਨ੍ਹਾਂ 'ਚ ਪਾਣੀਆਂ ਦਾ ਮੁੱਦਾ ਸਭ ਤੋਂ ਅਹਿਮ ਹੈ। ਗੁਰੂ ਨਾਨਕ ਸਾਹਿਬ ਜਪੁਜੀ ਦੇ ਸਲੋਕ ਵਿਚ ਇਸ ਬਾਰੇ ਅਪਣੀ ਰਾਏ ਭਲੀ-ਭਾਂਤ ਪੇਸ਼ ਕਰਦੇ ਹਨ : ''ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥'' ਬੜੇ ਅਫਸੋਸ ਦੀ ਗੱਲ ਹੈ ਕਿ ਅਸੀਂ ਗੁਰੂ ਨਾਨਕ ਦੇ ਸਿੱਖ ਅਖਵਾਉਣ ਵਾਲੇ ਹੀ ਪੰਜਾਬ ਦੇ ਧਰਤੀ ਹੇਠਲੇ ਪਾਣੀ ਨੂੰ ਤਬਾਹ ਕਰਨ ਦੇ ਜ਼ਿੰਮੇਵਾਰ ਹਾਂ। ਇਸ ਬਾਰੇ ਵਿਆਖਿਆ ਕਰਨੀ ਬਣਦੀ ਹੈ।

1950ਵਿਆਂ 'ਚ ਪੰਜਾਬ ਦੀ ਧਰਤੀ ਹੇਠਲੇ ਪਾਣੀ ਦਾ ਪੱਧਰ 10 ਤੋਂ 25 ਫੁੱਟ ਤੱਕ ਸੀ। ਬਰਸਾਤ ਦੇ ਮੌਸਮ 'ਚ ਪਾਣੀ ਇਕ ਫੁੱਟ ਤੱਕ ਪਹੁੰਚ ਜਾਂਦਾ ਸੀ। ਮੇਰੇ ਪਿੰਡ 'ਚ ਕਈ ਡੰਗਰ ਧਰਤੀ ਵਿਚ ਧਸ ਜਾਂਦੇ ਸੀ। ਅਸੀਂ ਡੰਗਰ ਚਾਰਦੇ, ਖੁਰਪੇ ਨਾਲ ਧਰਤੀ ਪੁੱਟ ਕੇ ਪਾਣੀ ਕੇ ਪਾਣੀ ਬਾਹਰ ਕੱਢ ਲੈਂਦੇ ਸੀ। ਬਹੁਤੀ ਬਾਰਸ਼ ਹੋਣ ਕਾਰਨ ਧਰਤੀ ਹੇਠਲਾ ਪਾਣੀ ਸੇਮ ਨਾਲਿਆਂ ਦੀ ਸ਼ਕਲ 'ਚ ਵਹਿ ਤੁਰਦਾ ਸੀ। 1960ਵਿਆਂ 'ਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਰਾਂ ਨੇ ਹਰਾ-ਇਨਕਲਾਬ ਲੈ ਆਂਦਾ। ਇਸ ਨਾਲ ਖੇਤੀ ਪੈਦਾਵਾਰ 'ਚ ਚੋਖਾ ਵਾਧਾ ਹੋਇਆ ਤੇ ਭਾਰਤ ਦੀ ਭੁੱਖਮਰੀ ਦਾ ਹੱਲ ਲੱਭ ਲਿਆ। ਹੁਣ ਪੰਜਾਬ ਦਾ ਰਕਬਾ ਭਾਰਤ ਦੇ ਰਕਬੇ ਦਾ ਡੇਢ ਫੀ ਸਦੀ (1.5%) ਰਹਿ ਗਿਆ ਹੈ ਪ੍ਰੰਤੂ ਭਾਰਤ ਦੇ ਅੰਨ ਜ਼ਖੀਰੇ 'ਚ ਪੰਜਾਬ 47 ਫੀਸਦੀ ਕਣਕ ਅਤੇ 21 ਫੀਸਦੀ ਚੌਲ ਭੇਜ ਰਿਹਾ ਹੈ।

ਬਸ ਇਸੇ ਫਾਰਮੂਲੇ 'ਚ ਪੰਜਾਬ ਦੇ ਪਾਣੀਆਂ ਦੀ ਤਬਾਹੀ ਦਾ ਰਾਜ਼ ਛੁਪਿਆ ਹੋਇਆ ਹੈ। ਖੇਤੀਬਾੜੀ ਮਾਹਰਾਂ ਨੇ ਨਵੇਂ ਬੀਜ, ਨਵੇਂ ਮਕੈਨਕੀ ਢੰਗ ਤਰੀਕੇ ਤਾਂ ਈਜਾਦ ਕੀਤੇ ਪ੍ਰੰਤੂ ਧਰਤੀ ਦੀ ਸਿਹਤ ਵੱਲੋਂ ਅਣਗਹਿਲੀ ਦਾ ਰੁਖ ਅਖਤਿਆਰ ਕਰ ਲਿਆ। ਫਸਲਾਂ ਦੀ ਪੈਦਾਵਾਰ ਵਧਾਉਣ ਲਈ ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਬੇਲੋੜੇ ਢੰਗ ਨਾਲ ਹੋਣ ਲੱਗੀ। ਨਹਿਰੀ ਪਾਣੀ ਦੀ ਘਾਟ ਕਾਰਨ ਟਿਊਬਵੈੱਲ ਲਗਾ ਕੇ ਸਿੰਜਾਈ ਹੋਣ ਲੱਗੀ। 1960ਵਿਆਂ ਤੱਕ ਧਰਤੀ ਹੇਠਲੇ ਪਾਣੀ ਦੀ ਵਰਤੋਂ ਘਾਤਕ ਹੱਦ ਤਕ ਪਹੁੰਚ ਗਈ। ਝੋਨੇ ਦੀ ਪੈਦਾਵਾਰ ਲਈ ਧਰਤੀ ਹੇਠਲਾ ਪਾਣੀ ਲੋੜ ਤੋਂ ਵੱਧ ਵਰਤਿਆ ਜਾਣ ਲੱਗਾ।

30 ਜੁਲਾਈ ਦੇ ਅੰਗਰੇਜ਼ੀ ਟ੍ਰਿਬਿਊਨ 'ਚ ਛਪੀ ਖਬਰ ਅਨੁਸਾਰ ਪੰਜਾਬ ਦੇ 18 ਜ਼ਿਲ੍ਹਿਆਂ 'ਚ ਪਾਣੀ ਦਾ ਪੱਧਰ 60 ਤੋਂ 70 ਮੀਟਰ ਤੱਕ ਡਿੱਗ ਚੁੱਕਾ ਹੈ ਜਦਕਿ ਬਾਕੀ ਸੂਬਿਆਂ 'ਚ (84% ਖੇਤਰ) ਪਾਣੀ ਦਾ ਪੱਧਰ ਅਜੇ ਵੀ 10 ਮੀਟਰ ਤੱਕ ਹੈ। ਇਹ ਸੂਚਨਾ ਜਲ ਸ਼ਕਤੀ ਰਾਜ ਮੰਤਰੀ ਨੇ ਵਿਕਰਮਜੀਤ ਸਾਹਨੀ (ਮੈਂਬਰ ਪਾਰਲੀਮੈਂਟ ਆਮ ਆਦਮੀ ਪਾਰਟੀ) ਦੇ ਪੁੱਛੇ ਗਏ ਸਵਾਲਾਂ ਦੇਉੱਤਰ ਵਿਚ ਦਿੱਤੀ ਗਈ ਹੈ। ਕੇਂਦਰੀ ਜਲ ਬੋਰਡ ਨੇ ਪੰਜਾਬ ਸਰਕਾਰ ਨੂੰ ਪਿਛਲੇ ਵੀਹ ਸਾਲਾਂ ਤੋਂ ਤਾੜਨਾ ਦੇਣੀ ਸ਼ੁਰੂ ਕੀਤੀ ਹੋਈ ਹੈ ਪਰ ਸਮੇਂ ਦੀਆਂ ਸਰਕਾਰਾਂ ਦੇ ਕੰਨਾਂ 'ਤੇ ਜੂੰ ਵੀ ਨਹੀਂ ਸਰਕਦੀ। ਵੋਟ ਬੈਂਕ ਸਿਆਸਤ ਨੇ ਪੰਜਾਬ ਦੇ ਪਾਣੀਆਂ ਦੀ ਤਬਾਹੀ ਦਾ ਮੁੱਢ ਬੰਨ੍ਹਿਆ। ਪਹਿਲਾਂ ਅਕਾਲੀਆਂ ਨੇ ਮੁਫਤ ਬਿਜਲੀ ਦੇ ਕੇ ਜ਼ਿਮੀਂਦਾਰਾਂ ਨੂੰ ਪੁੱਠੇ ਰਾਹ ਪਾਇਆ। ਹੁਣ ਆਮ ਆਦਮੀ ਪਾਰਟੀ ਨੇ ਇਸ ਨੂੰ ਹੋਰ ਅੱਗੇ ਵਧਾਇਆ ਹੈ। 300 ਯੂਨਿਟ ਮੁਫਤ ਬਿਜਲੀ ਨੇ ਪੰਜਾਬ 'ਤੇ ਵੀਹ ਹਜ਼ਾਰ ਕਰੋੜ ਦਾ ਵਿੱਤੀ ਬੋਝ ਪਾਇਆ ਹੈ। ਖੇਤੀਬਾੜੀ ਲਈ ਤਾਂ ਪਹਿਲਾਂ ਹੀ ਮੁਫਤ ਬਿਜਲੀ ਦੀ ਪ੍ਰੰਪਰਾ ਕਾਇਮ ਹੈ। ਇਕ ਸਰਵੇਖਣ ਅਨੁਸਾਰ ਇਸ ਦੇ ਲਾਭ-ਪਾਤਰੀ ਛੋਟੇ ਕਿਸਾਨ ਨਹੀਂ ਬਲਕਿ ਵੱਡੀ ਭੌਂਅ ਦੇ ਮਾਲਕ ਹਨ।

ਪੰਜਾਬ ਦੇ ਪਾਣੀਆਂ 'ਚ ਯੂਰੇਨੀਅਮ ਅਤੇ ਭਾਰੀ ਧਾਤਾਂ ਦਾ ਮੁੱਦਾ ਸਭ ਤੋਂ ਪਹਿਲਾਂ ਪ੍ਰਤਾਪ ਸਿੰਘ ਬਾਜਵਾ (ਕਾਂਗਰਸ ਮੈਂਬਰ ਰਾਜ ਸਭਾ) ਨੇ 2017 ਵਿਚ ਪੇਸ਼ ਕੀਤਾ ਸੀ। ਉਸ ਵੇਲੇ ਦੀ ਜਲ ਸ਼ਕਤੀ ਰਾਜ ਮੰਤਰੀ ਉਮਾ ਭਾਰਤੀ ਨੇ ਇਸ ਦਾ ਢੁਕਵਾਂ ਜਵਾਬ ਦਿੱਤਾ ਸੀ। ਮੇਰੇ ਕੋਲ ਉਸ ਸਵਾਲ-ਜਵਾਬ ਦੀ ਪਾਰਲੀਮੈਂਟ ਲਾਇਬ੍ਰੇਰੀ ਤੋਂ ਪ੍ਰਾਪਤ ਨਕਲ ਹੈ। ਇਸ ਜਵਾਬ ਦਾ ਆਧਾਰ ਕੇਂਦਰੀ ਜਲ ਬੋਰਡ ਦੇ ਅੰਕੜੇ ਨਹੀਂ ਹਨ, ਜਿਵੇਂ ਹੁਣ ਹੋ ਰਿਹਾ ਹੈ ਬਲਕਿ ਪੰਜਾਬ ਸਰਕਾਰ ਦੇ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਮੋਹਾਲੀ ਦੀ ਪ੍ਰਯੋਗਸ਼ਾਲਾ ਤੋਂ ਪ੍ਰਾਪਤ ਅੰਕੜੇ ਹਨ। ਇੱਥੇ ਦੱਸਣਯੋਗ ਹੈ ਕਿ ਕੇਂਦਰੀ ਜਲ ਬੋਰਡ ਦੇ ਅੰਕੜੇ ਮੇਰੀ ਖੋਜ ਨੇ ਝੁਠਲਾਏ ਹਨ। ਕੇਂਦਰੀ ਜਲ ਬੋਰਡ ਕੇਵਲ 924 ਸੈਂਪਲ ਟੈਸਟ ਕਰਦਾ ਹੈ ਜਦਕਿ ਪੰਜਾਬ ਸਰਕਾਰ ਦੀ ਪ੍ਰਯੋਗਸ਼ਾਲਾ 'ਚ ਸਾਰੇ ਪੰਜਾਬ ਦੇ ਪਿੰਡਾਂ ਦਾ ਪਾਣੀ ਪਰਖਿਆ ਜਾ ਚੁੱਕਾ ਹੈ।

2009 ਤੋਂ 2016 ਦੇ ਵਰ੍ਹਿਆਂ ਦੌਰਾਨ ਪੰਜਾਬ ਸਰਕਾਰ ਵਿਸ਼ਵ ਬੈਂਕ (World Bank) ਦੇ ਪ੍ਰਾਜੈਕਟ ਅਧੀਨ ਪਾਣੀ ਦੀ ਕੁਆਲਿਟੀ ਟੈਸਟ ਕਰਨ ਲੱਗੀ। ਇਹ ਪ੍ਰਾਜੈਕਟ ਅਜੇ ਵੀ ਚੱਲ ਰਿਹਾ ਹੈ। 2016 ਤੋਂ ਲੈ ਕੇ 2024 ਤੱਕ ਮੇਰੇ ਦੋ ਦਰਜਨ ਤੋਂ ਵਧੀਕ ਖੋਜ ਪੱਤਰ ਛਪ ਚੁੱਕੇ ਹਨ। ਯੂਰੇਨੀਅਮ ਤੋਂ ਲੈ ਕੇ ਹਰ ਕਿਸਮ ਦੇ ਤੱਤ ਦੀ ਮਾਤਰਾ ਧਰਤੀ ਹੇਠਲੇ ਪਾਣੀ 'ਚ ਨਿਰਧਾਰਤ ਕੀਤੀ ਗਈ ਹੈ। ਸਾਡੀ ਖੋਜ ਅੰਤਰਰਾਸ਼ਟਰੀ ਅਦਾਰਿਆਂ 'ਚ ਪ੍ਰਵਾਨ ਚੜ੍ਹੀ ਹੈ। ਪਿਛਲੇ ਵੀਹ ਸਾਲਾਂ 'ਚ ਸਾਢੇ ਪੰਜ ਲੱਖ ਖੋਜੀਆਂ ਨੇ 150 ਦੇਸ਼ਾਂ 'ਚ ਇਸ ਦਾ ਅਧਿਐਨ ਕੀਤਾ ਹੈ। ਭਾਰਤ 'ਚ ਇਹ ਮਾਣ ਹੋਰ ਕਿਸੇ ਵਿਰਲੇ ਵਿਗਿਆਨੀਆਂ ਨੂੰ ਮਿਲਿਆ ਹੋਵੇ ਤਾਂ ਕੁੱਝ ਕਹਿ ਨਹੀਂ ਸਕਦਾ ਪ੍ਰੰਤੂ ਪੰਜਾਬ 'ਚ ਇਹ ਪ੍ਰਾਪਤੀ ਅਨਮੋਲ ਹੈ।

ਬੜੇ ਅਫਸੋਸ ਦੀ ਗੱਲ ਹੈ ਕਿ ਪੰਜਾਬ ਦਾ ਵਾਟਰ ਸਪਲਾਈ ਮਹਿਕਮਾ ਆਪਣੇ ਅੰਕੜੇ ਸਾਂਝੇ ਕਰਨ ਤੋਂ ਕੰਨੀ ਕਤਰਾਉਂਦਾ ਹੈ। ਕਿਸੇ ਐਨ ਜੀ ਓ ਨੇ ਪੰਜਾਬ-ਹਰਿਆਣਾ ਹਾਈ ਕੋਰਟ 'ਚ ਪੰਜਾਬ ਸਰਕਾਰ ਵਿਰੁੱਧ ਕੇਸ ਦਰਜ ਕਰਵਾ ਰੱਖਿਆ ਹੈ ਕਿ ਕੈਂਸਰ ਦੀ ਰੋਕਥਾਮ ਲਈ ਉਪਰਾਲੇ ਕੀਤੇ ਜਾਣ। ਉਸ ਕੇਸ 'ਚ ਮੇਰੀ ਖੋਜ ਦੇ ਸਿੱਟਿਆਂ ਦਾ ਹਵਾਲਾ ਦਿੱਤਾ ਗਿਆ ਹੈ। ਉਂਜ ਵਿਸ਼ਵ ਬੈਂਕ ਦੇ ਪ੍ਰਾਜੈਕਟ ਦੀ ਸ਼ਰਤ ਅਨੁਸਾਰ ਪਾਣੀ ਦੇ ਅੰਕੜੇ ਸਭ ਦੀ ਜਾਣਕਾਰੀ ਲਈ ਹਨ ਅਰਥਾਤ ਪਬਲਿਕ ਦੀ ਵਰਤੋਂ ਲਈ।

ਵਿਸਥਾਰ 'ਚ ਜਾਣ ਤੋਂ ਸੰਕੋਚ ਕਰਦਾ ਹੋਇਆ ਆਪਣੇ ਖੋਜ ਬਾਰੇ ਸੰਖੇਪ ਜਾਣਕਾਰੀ ਪੇਸ਼ ਕਰ ਰਿਹਾ ਹੈ :

(1) ਮਾਝੇ ਦੇ ਜ਼ਿਲ੍ਹਿਆਂ (ਅੰਮ੍ਰਿਤਸਰ, ਗੁਰਦਾਸਪੁਰ, ਤਰਨਤਾਰਨ) ਵਿਚ ਆਰਸੈਨਿਕ ਦੇ ਤੱਤ ਦੀ ਮਾਤਰਾ ਖਤਰਨਾਕ ਹੱਦ ਤੱਕ ਪਾਣੀ ਨੂੰ ਪ੍ਰਦੂਸ਼ਤ ਕਰ ਚੁੱਕੀ ਹੈ। ਆਰਸੈਨਿਕ ਬਹੁਤ ਹੀ ਜ਼ਹਿਰੀਲਾ ਤੱਤ ਹੈ ਜਿਸ ਨੂੰ ਆਮ ਭਾਸ਼ਾ 'ਚ 'ਸੰਖੀਆ' ਕਿਹਾ ਜਾਂਦਾ ਹੈ।

(2) ਦੋਆਬੇ ਦੇ ਜ਼ਿਲ੍ਹਿਆਂ (ਜਲੰਧਰ, ਕਪੂਰਥਲਾ ਅਤੇ ਹੁਸ਼ਿਆਰਪੁਰ) ਵਿਚ ਸੇਲੇਨੀਅਮ ਤੱਤ ਦੀ ਪਾਣੀ ਵਿਚ ਬਹੁਤਾਤ ਹੈ। ਹੁਸ਼ਿਆਰਪੁਰ ਜ਼ਿਲ੍ਹੇ ਵਿਚ ਕਰੋਮੀਅਮ ਤੱਤ ਦੀ ਵਧੇਰੇ ਮਾਤਰਾ ਪਾਣੀ ਨੂੰ ਪ੍ਰਦੂਸ਼ਤ ਕਰ ਰਹੀ ਹੈ।

(3) ਮਾਲਵੇ ਦੇ ਜ਼ਿਲ੍ਹਿਆਂ (ਮਾਨਸਾ, ਬਠਿੰਡਾ, ਮੋਗਾ, ਬਰਨਾਲਾ, ਫਿਰੋਜ਼ਪੁਰ, ਫਾਜ਼ਿਲਕਾ, ਸੰਗਰੂਰ ਅਤੇ ਪਟਿਆਲਾ) ਵਿਚ ਯੂਰੇਨੀਅਮ ਦੀ ਮਾਤਰਾ ਪਾਣੀ ਨੂੰ ਪ੍ਰਦੂਸ਼ਤ ਕਰ ਰਹੀ ਹੈ। ਇਸ ਦੀ ਵਿਗਿਆਨਕ ਪੜਚੋਲ ਅਸੀਂ ਆਪਣੀ ਖੋਜ 'ਚ ਕਰ ਚੁੱਕੇ ਹਾਂ। ਮੋਟੇ ਤੌਰ 'ਤੇ ਖਾਰੀ ਮਿੱਟੀ ਯੂਰੇਨੀਅਮ ਨੂੰ ਪਾਣੀ 'ਚ ਪ੍ਰਫੁੱਲਤ ਹੋਣ ਵਿਚ ਸਹਾਈ ਹੁੰਦੀ ਹੈ।

(4) ਪਟਿਆਲਾ ਜ਼ਿਲ੍ਹੇ ਨੂੰ ਮੇਰੀ ਖੋਜ ਨੇ 'ਹੌਟ ਸਪੌਟ' ਕੈਟਾਗਰੀ 'ਚ ਰੱਖਿਆ ਹੈ। ਇਸ ਦੀ ਧਰਤੀ ਹੇਠਲੇ ਪਾਣੀ 'ਚ ਯੂਰੇਨੀਅਮ ਤੋਂ ਇਲਾਵਾ ਫਲੁਰਾਈਨ ਨਾਈਟਰੇਟ ਸਲਫੇਟ ਕੈਡਮੀਅਮ ਅਤੇ ਨਿਕਲ ਦੀ ਮਾਤਰਾ ਸੇਫਟੀ ਸੀਮਾ ਤੋਂ ਕਈ ਗੁਣਾ ਵੱਧ ਪਾਈ ਗਈ ਹੈ। ਪੰਜਾਬ ਦੇ ਬਾਕੀ ਸਭ ਜ਼ਿਲ੍ਹਿਆਂ ਤੋਂ ਪਟਿਆਲੇ ਦਾ ਪਾਣੀ ਵਧੇਰੇ ਪ੍ਰਦੂਸ਼ਤ ਪਾਇਆ ਗਿਆ ਹੈ।

(5) ਜਲੰਧਰ ਜ਼ਿਲ੍ਹੇ ਦੇ ਪਾਣੀ ਵਿਚ ਸਿੱਕੇ ਦੀ ਮਾਤਰਾ ਸੇਫਟੀ ਲਿਮਿਟ ਤੋਂ ਵਧੇਰੇ ਮਿਲਦੀ ਹੈ। ਵੈਸੇ ਸਿੱਕੇ ਦੀ ਮਾਤਰਾ ਪੰਜਾਬ ਦੇ 710 ਪਿੰਡਾਂ 'ਚ ਖਤਰਨਾਕ ਹੱਦ ਤੱਕ ਪਹੁੰਚ ਗਈ ਹੈ।

(6) ਪਾਰੇ (Mercury) ਦੀ ਜ਼ਿਆਦਾ ਮਾਤਰਾ ਫਿਰੋਜ਼ਪੁਰ ਅਤੇ ਫਾਜ਼ਿਲਕਾ ਜ਼ਿਲ੍ਹਿਆਂ ਦੇ ਪਾਣੀ 'ਚ ਮਿਲਦੀ ਹੈ।

(7) ਸਾਡੀ ਖੋਜ ਦੇ ਸਿੱਟੇ ਸਿੱਧ ਕਰਦੇ ਹਨ ਕਿ ਪੰਜਾਬ ਦੀ ਧਰਤੀ ਹੇਠਲੇ ਪਾਣੀ 'ਚ ਜ਼ਹਿਰੀਲੇ ਰਸਾਇਣਕ ਤੱਤਾਂ ਦੀ ਮਾਤਰਾ ਭਾਰਤ ਦੇ ਬਾਕੀ ਸੂਬਿ ਆਂ ਦੇ ਪਾਣੀਆਂ ਨਾਲੋਂ ਕਿਤੇ ਵਧੇਰੇ ਹੈ। ਬੰਗਲਾ ਅਤੇ ਅਸਾਮ 'ਚ ਸੱਭ ਤੋਂ ਪਹਿਲਾਂ ਲੱਭੀ ਗਈ ਸੀ ਪ੍ਰੰਤੂ ਮਾਝੇ ਦੇ ਜ਼ਿਲ੍ਹਿਆਂ 'ਚ ਇਹ ਸਾਰੇ ਹੱਦਾਂ ਬੰਨ੍ਹੇ ਪਾਰ ਕਰ ਗਈ ਹੈ।

(8) ਪੰਜਾਬ ਸਰਕਾਰ ਨੇ ਅਕਾਲੀ ਰਾਜ ਵੇਲੇ ਕੇਂਦਰੀ ਸਰਕਾਰ ਦੀ ਮਦਦ ਨਾਲ ਮਾਲਵੇ ਦੇ ਪਿੰਡਾਂ 'ਚ ਆਰ. ਓ. ਪਲਾਂਟ ਪਾਣੀ ਦੀ ਸ਼ੁੱਧਤਾ ਲਈ ਲਈ ਲਗਾਏ ਸਨ ਪਰ ਲੋਕੀ ਮੁਫਤਖੋਰੇ ਹੋਣ ਕਰ ਕੇ ਇਹ ਪਲਾਂਟ ਨਕਾਰਾ ਹੋ ਰਹੇ ਹਨ।

ਮਾਝੇ ਦੇ ਪਿੰਡਾਂ 'ਚ ਆਰਸੈਨਿਕ ਤੋਂ ਖਹਿੜਾ ਛੁਡਾਉਣ ਲਈ ਨਹਿਰੀ ਪਾਣੀ ਦੀ ਵਰਤੋਂ ਹੋ ਰਹੀ ਹੈ। ਆਇਨ ਐਕਸਚੇਂਜ ਪਲਾਂਟ ਵੀ ਕੰਮ ਕਰ ਰਹੇ ਹਨ।

(9) ਦੂਸ਼ਿਤ ਪਾਣੀ ਦੇ ਮਸਲੇ ਦੇ ਹੱਲ ਲਈ ਸਭ ਤੋਂ ਸੌਖਾ ਤਰੀਕਾ ਨਹਿਰੀ ਪਾਣੀ ਦੀ ਵਰਤੋਂ ਹੈ ਦੂਜਾ ਝੋਨੇ ਦੀ ਬਿਜਾਈ 'ਤੇ ਪਾਬੰਦੀ ਅਤੇ ਤੀਜਾ ਨਹਿਰੀ ਪਾਣੀ ਦੀ ਸਿੰਚਾਈ ਲਈ ਵਰਤੋਂ। ਮੁੱਖ ਮੰਤਰੀ ਭਗਵੰਤ ਮਾਨ ਮਾਲਵਾ ਨਹਿਰ ਦਾ ਉਦਘਾਟਨ ਕਰ ਚੁੱਕੇ ਹਨ ਜੋ ਇਕ ਸ਼ਲਾਘਾਯੋਗ ਕਦਮ ਹੈ।



# ਬਲਾਕ ਕਾਹਨੂੰਵਾਨ ਦੇ ਪਿੰਡ ਭਿੱਟੇਵੱਡ ਦੇ ਕਿਸਾਨ ਭੁਪਿੰਦਰ ਸਿੰਘ ਪਿਛਲੇ 8 ਸਾਲਾਂ ਤੋਂ ਫਸਲੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾ ਕੇ ਖੇਤੀ ਵਿਭਿੰਨਤਾ 'ਚ ਗੰਨੇ ਦੀ ਕਾਸ਼ਤ, ਦਾਲਾਂ, ਤੇਲ ਬੀਜ਼ ਫਸਲਾਂ ਦੇ ਨਾਲ ਦਿੰਦੇ ਬਾਸਮਤੀ ਨੂੰ ਤਰਜ਼ੀਹ

ਦੋਸਤੋ ਇਹ ਸਫਲ ਕਹਾਣੀ ਸੰਗ੍ਰਹਿ ਅਗਾਂਹਵਧੂ ਸੋਚ ਦੇ ਨੌਜਵਾਨ ਕਿਸਾਨ ਤੇ ਕਬੱਡੀ ਦੇ ਖਿਡਾਰੀ ਰਹਿ ਚੁੱਕੇ ਭੁਪਿੰਦਰ ਸਿੰਘ ਸੰਧੂ ਜੋ ਕਿ ਅੱਜ ਆਪਣੀ ਸਾਰੀ ਜ਼ਮੀਨ ਦੀ ਵਹਾਈ ਤੋਂ ਲੈ ਕੇ ਵੱਟਾਂ ਤੋਂ ਘਾਹ ਤੱਕ ਆਪ ਆਪਣੀਂ ਹੱਥੀਂ ਘਹੀਂ ਨਾਲ ਖੁਰਚਦਾ ਹੈ। ਉਹ ਕਹਿੰਦਾ ਹੈ ਕਿ ਮੇਰਾ ਖੇਤ 'ਚ ਘਰ ਹੋਣ ਕਰਕੇ ਮੈਂ ਸਾਰਾ ਦਿਨ ਹੀ ਖੇਤ 'ਚ ਕੰਮ ਕਰਦਾ ਰਹਿੰਦਾ, ਕਦੇ ਕੋਈ ਵੀ ਕੰਮ ਕਰਾਏ ਤੇ ਕਿਸੇ ਬੰਦੇ ਤੋਂ ਨਹੀਂ ਕਰਾਇਆ। ਬਜ਼ਾਰੀ ਵਸਤੂ ਲਿਆਉਣ ਤੇ ਖਾਣ ਦੇ ਸਮਾਨ ਬਾਰੇ ਉਨ੍ਹਾਂ ਕਿਹਾ ਹੈ ਕਿ ਉਹ ਜ਼ਿਮੀਦਾਰ ਹੀ ਕਾਹਦਾ ਜੋ ਸਭ ਸਮਾਨ ਬਜ਼ਾਰੋਂ ਮੁੱਲ ਲੈ ਕੇ ਖਾਵੇਂ, ਸਾਨੂੰ ਕੇਵਲ ਲੂਣ ਤੇ ਮਸਾਲਾ ਹੀ ਲੈਣ ਬਜ਼ਾਰ ਜਾਣਾ ਪੈਂਦਾ ਬਾਕੀ ਸਭ ਸਾਡੇ ਖੇਤ 'ਚ ਉੱਪਜਦਾ ਹੈ।



ਕਮਲਇੰਦਰਜੀਤ ਸਿੰਘ ਬਾਜਵਾ
ਬਲਾਕ ਟੈਕਨੋਲੋਜੀ ਮੈਨੇਜਰ,
ਖੇਤੀਬਾੜੀ ਵਿਭਾਗ, ਕਾਹਨੂੰਵਾਨ,
ਜ਼ਿਲ੍ਹਾ ਗੁਰਦਾਸਪੁਰ
ਮੋ. 98150-82401

## ਆਓ ਗੱਲ ਕਰੀਏ ਕਿਸਾਨ ਨਾਲ

**ਕਿਸਾਨੀ ਤਜ਼ਰਬੇ** : ਭੁਪਿੰਦਰ ਸਿੰਘ ਨੇ ਕਿਹਾ ਕਿ ਮੈਂ ਇਕ ਛੋਟਾ ਕਿਸਾਨ ਹਾਂ, ਮੇਰੇ ਪਿਤਾ ਨੇ ਸਮਾਜ ਵਿਚ ਵਿਚਰਦਿਆਂ ਹੋਇਆਂ ਅਤੇ ਮੈਂ ਖੁਦ ਉਹਨਾਂ ਤੋਂ ਤੇ ਸਮਾਜਿਕ ਤੌਰ ਤੇ ਮਹਿਸੂਸ ਕਰਦਿਆਂ ਅੱਜ ਖੇਤੀਬਾੜੀ ਵਿਭਾਗ ਕਾਹਨੂੰਵਾਨ ਦੇ ਚੱਲਦੇ ਸੋਸ਼ਲ ਮੀਡੀਏ ਦੇ ਵੱਟਸਐਪ ਗਰੁੱਪ ਰਾਹੀਂ ਆਉਂਦੀਆਂ ਕਿਸਾਨਾਂ ਦੀਆਂ ਸਫਲ ਕਹਾਣੀਆਂ ਪੜ੍ਹ ਕੇ ਉਹਨਾਂ ਦੀ ਵੱਖਰੀ ਕਾਸ਼ਤ ਅਤੇ ਤਕਨੀਕਾਂ ਪ੍ਰਤੀ ਸੋਚ, ਕੰਮ ਕਰਨ ਦਾ ਮਨੋਬਲ ਤੋਂ ਮੈਂ ਖੁਦ ਮਹਿਸੂਸ ਕੀਤਾ ਕਿ ਕਿਸਾਨ ਨੂੰ ਕਿਵੇਂ ਆਪਣੇ ਵਿਚ ਅਤੇ ਆਪਣੀ ਖੇਤੀ ਕਰਨ ਦੇ ਤਰੀਕੇ ਅਤੇ ਫਜ਼ੂਲ ਖਰਚੀ ਹੱਟਕੇ ਤੇ ਦੇਖਾ ਦੇਖੀ ਦਿਖਾਵੇ ਤੋਂ ਦੂਰ ਹੋ ਕੇ ਰਹਿਣ ਸਹਿਣ ਤੇ ਕੜੀ ਮਿਹਨਤ ਰੱਖ ਕੇ ਚੱਲਣ ਨਾਲ ਮੇਰੀ ਸੋਚ ਬਦਲੀ। ਅੱਜ ਕਿੰਨੇ ਖੇਤੀ ਤੇ ਮਿੱਟੀ ਦੇ ਮਿੱਤਰ ਜੀਵ ਕੀੜੇ ਅਨਜਾਣੇ ਵਿਚ ਸਾਡੇ ਦੁਆਰਾ ਖੇਤ ਦੀ ਮਿੱਟੀ ਨੂੰ ਲਗਾਈ ਅੱਗ ਕਰਕੇ ਜੋ ਅਗਾਂਹ ਚੱਲ ਕੇ ਸਾਡੀ ਮਿੱਟੀ ਦੀ ਸਿਹਤ ਉਪਜਾਊਤਾ ਤੇ ਫਸਲਾਂ ਵਾਧੇ 'ਚ ਲਾਭਦਾਇਕ ਹੋਣੇ ਸਨ, ਸਭ ਸਾੜਨ ਨਾਲ ਜ਼ਮੀਨ ਵੀ ਬੰਜਰ ਕਰਤੀ ਤੇ ਜੀਵਾਂ ਦਾ ਵੀ ਸਤਿਆਨਾਸ ਕਰਤਾ। ਜਿਸ ਨਾਲ ਕਿੰਨੇ ਤੱਤ ਨਸ਼ਟ ਹੋ ਗਏ। ਇਸ ਕੁਦਰਤ ਬਾਰੇ ਸਮਝ ਨੇ ਮੇਰੇ ਵਿਚ ਬਦਲਾਅ ਲਿਆਂਦਾ। ਜਿਸ ਦੀ ਬਦੌਲਤ ਅੱਜ ਮੈਂ ਆਮ ਲੋਕਾਂ ਨਾਲੋਂ ਕੀਤੇ ਘੱਟ ਖਾਦ ਸਪਰੇਅ ਦੀ ਵਰਤੋਂ ਕਰ ਰਿਹਾ। ਖੇਤੀ ਨੂੰ ਸਮਝਕੇ ਮਾੜੀ ਮੋਟੀ ਫਸਲ ਨੂੰ ਬਿਮਾਰੀ ਦੇਖ ਕੇ ਸਪਰੇਅ ਦੇਖਾ ਦੇਖੀ ਕਰਨ ਨੂੰ ਮੈਂ ਕਦੇ ਨਹੀਂ ਭੱਜਦਾ। ਕਿਉਂਕਿ ਖੇਤੀ ਦਵਾਈਆਂ ਮਹਿੰਗੀਆਂ ਬਹੁਤ ਹਨ ਏਸ ਨੂੰ ਜ਼ਿਆਦਾ ਨੁਕਸਾਨ ਹੁੰਦਾ ਜਾਪਣ ਤੇ ਖੇਤੀ ਦਵਾਈ ਲਿਆਂਦੀ ਜਾਂਦੀ ਹੈ ਨਹੀਂ ਤਾਂ ਨਹੀਂ। ਗੰਨਾ ਲਵਾਈ ਬਾਰੇ ਉਹਨਾਂ ਕਿਹਾ ਕਿ ਏਸ ਵਾਰ ਮੇਰੇ ਤੇ ਮੇਰੇ ਭਰਾ ਦੇ ਬੱਚਿਆਂ ਨੇ ਰਲ ਕੇ ਗੰਨਾ ਲਗਾ ਦਿੱਤਾ ਸੀ, ਮੈਂ ਕੱਟੀ ਗਿਆ ਤੇ ਉਹ ਗੱਲਾਂ ਕਰਦੇ ਆਪ ਸਾਰੇ ਲਗਾਈਂ ਗਏ। ਸਾਡੇ ਬੱਚੇ ਵੀ ਹੋਰਨਾਂ ਬੱਚਿਆਂ ਵਾਂਗ ਮੋਬਾਈਲ ਦੇਖਣ ਦੀ ਬਜਾਏ ਖੇਤੀ ਕਰਨ ਤੇ ਸਿੱਖਣ ਨੂੰ ਤਰਜੀਹ ਦਿੰਦੇ ਹਨ। ਉਹਨਾਂ ਕਿਹਾ ਕਿ ਮੈਂ ਤੇ ਮੇਰੇ ਪਿਤਾ ਨੇ ਕਦੇ ਵੀ ਖੇਤ 'ਚ ਚੂਹੇ ਮਾਰਨ ਵਾਲੇ ਤੇ ਹੋਰ ਜੀਵਾਂ ਨੂੰ ਮਾਰਨ ਵਾਲੀ ਦਵਾਈ ਨਹੀਂ ਪਾਈ, ਕਿਉਂਕਿ ਸਾਡਾ ਮੰਨਣਾ ਹੈ ਕਿ ਉਹ ਵੀ ਸਾਡੇ ਵਾਂਗ ਕੁਦਰਤ ਦੇ ਜੀਵ ਹਨ, ਉਹਨਾਂ ਵੀ ਏਥੇ ਹੀ ਸਾਡੇ ਵਾਂਗ ਰਹਿਣਾ ਹੈ, ਏਥੇ ਹੀ ਖਾਣ ਹੈ, ਸੰਸਾਰ ਵਿਚ ਹਰੇਕ ਜੀਵ ਆਪਣੀ ਖੁਰਾਕ ਲੈ ਕੇ ਆਉਂਦਾ ਹੈ। ਅਸੀਂ ਬਕਾਇਦਾ ਹਰ ਸਾਲ ਆਪਣੇ ਖੇਤਾਂ 'ਚੋਂ ਪੈਦਾ ਕੀਤਾ ਕੁਝ ਅੰਨ ਏਨਾਂ ਜੀਵਾਂ ਤੇ ਪੰਛੀਆਂ ਵਾਸਤੇ ਵੱਖਰਾ ਰੱਖਦੇ ਹਾਂ, ਜੋ ਉਹਨਾਂ ਨੂੰ ਸਾਰਾ ਸੀਜਨ ਪਾਉਂਦੇ ਰਹਿੰਦੇ ਹਾਂ। ਬੀਜ ਬਾਰੇ ਕਿਹਾ ਕਿ ਅਗਾਂਹ ਫਸਲ ਬਿਜਾਈ ਲਈ ਮੈਂ ਕੰਬਾਇਨ ਦਾ ਬੀਜ ਨਹੀਂ ਰੱਖਦਾ, ਕੇਵਲ ਹੱਥ ਨਾਲ ਕਟਾਈ ਕਰਨ ਵਾਲਾ ਰੱਖਦਾ ਹਾਂ। ਕਿਉਂਕਿ ਕੰਬਾਈਨ ਵਾਲਾ ਬੀਜ ਟੁੱਟ ਜਾਂਦਾ, ਜੇ ਬੀਜ ਚੰਗਾ ਹੋਵੇਗਾ ਤਾਂ ਫਸਲ ਚੰਗੀ ਹੋਵੇਗੀ। ਮੈਂ ਚਾਰ ਸਾਲਾਂ ਬਾਅਦ ਹਰ ਬੀਜ਼ ਬਦਲਦਾ ਹਾਂ। ਮੈਂ ਬੀਜ਼ ਪੀ ਏ ਯੂ ਤੋਂ ਵਧੇਰੇ ਲੈਂਦਾ ਹਾਂ ਤੇ ਕੁਝ ਪ੍ਰਾਈਵੇਟ। ਉਹਨਾਂ ਕਿਹਾ ਕਿ ਲਵਾਈ ਵੇਲੇ ਮੈਂ ਝੋਨੇ ਵੇਲੇ ਭਈਏ ਨੂੰ ਕਹਿ ਕੇ ਆਪ ਬੂਟਾ ਕੇਵਲ ਇਕ ਡੇਢ ਇੰਚ ਡੂੰਘਾ ਹੀ ਲਗਾਉਂਦਾ ਹਾਂ। ਕਿਉਂਕਿ ਮੈਂ ਤਜ਼ਰਬਾ ਕਰ ਦੇਖਿਆ ਕਿ ਦੋ ਢਾਈ ਇੰਚ ਡੂੰਘਾ ਬੂਟੇ ਨੂੰ ਗੰਢ ਗ੍ਰਸਤ ਹੋ ਜਾਂਦਾ ਹੈ। ਉਪਰਲੀ ਤਹਿ ਤੇ ਬੂਟਾ ਕੇਵਲ 10 ਦਿਨਾਂ ਤੱਕ ਰੱਖਣ ਨਾਲ ਜਲਦ ਸਿਰ ਕਰਦਾ ਤੇ ਵਧੇਰੇ ਤੁਰਦਾ ਹੈ। ਬੂਟੇ ਦੀ ਜੜ੍ਹਾਂ ਤੇ ਸਿਹਤ ਵਧੀਆ ਰਹਿੰਦੀ ਹੈ। ਉਹਨਾਂ ਕਿਹਾ ਕਿ ਮੈਂ ਖੇਤ ਦੀਆਂ ਵੱਟਾਂ ਬਿਲਕੁਲ ਸਾਫ ਘਾਹ ਰਹਿਤ ਰੱਖਦਾ, ਜਿਸ ਕਰਕੇ ਨਾ ਕੋਈ ਉੱਲੀ ਆਉਂਦੀ ਹੈ ਤੇ ਨਾ ਕੋਈ ਫਸਲ ਨੂੰ ਕੀਟ ਤੇ ਬਿਮਾਰੀ ਤੇ ਨਾ ਹੀ ਚੂਹਾ ਪੈਂਦਾ।

### ਪੰਜਾਬ ਸਰਕਾਰ ਤੇ ਪੀ ਏ ਯੂ ਵੱਲੋਂ ਸਨਮਾਨਿਤ ਕਿਸਾਨ ਐਗਰੋ ਫੋਰੈਸਟਰੀ, ਬੱਕਰੀਆਂ, ਡੇਅਰੀ, ਦੇਸੀ ਮੁਰਗੇ, ਖਰਗੋਸ਼ ਤੇ ਬਿਨਾਂ ਖਾਦ ਸਪਰੇਅ ਦੇ ਘਰੇਲੂ ਵੇਲਣੇ ਤੋਂ ਗੁੜ ਬਣਾ ਖਵਾ ਰਹੇ ਆਲੇ ਦੁਆਲੇ ਦੇ ਪਿੰਡਾਂ ਨੂੰ



**ਉੱਦਮ ਤੇ ਉਪਰਾਲੇ** : ਕਿਸਾਨ ਭੁਪਿੰਦਰ ਸਿੰਘ ਨੇ ਕਿਹਾ ਕਿ ਮੈਂ ਸਾਰਾ ਦਿਨ ਖੇਤਾਂ 'ਚ ਘਰ ਹੋਣ ਕਰਕੇ ਵਿਹਲਾ ਨਹੀਂ ਰਹਿੰਦਾ। ਸਾਰਾ ਦਿਨ ਘਰ ਤੇ ਖੇਤੀ ਦਾ ਕੰਮ ਕਰਦਿਆਂ ਝੱਟ ਲੰਘ ਜਾਂਦਾ ਹੈ। ਮੇਰੇ ਕੋਲ ਏਨਾ ਸਮਾਂ ਨਹੀਂ ਹੁੰਦਾ ਕਿ ਕਿਸੇ ਕੋਲ ਬੈਠਾ।

ਉਹਨਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਤੇ ਖੇਤੀਬਾੜੀ ਵਿਭਾਗ ਗੁਰਦਾਸਪੁਰ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਗੁਰਦਾਸਪੁਰ ਵੱਲੋਂ ਵੀ ਮੈਨੂੰ ਲੰਮੇ ਸਮੇਂ ਤੋਂ ਫਸਲੀ



ਰਹਿੰਦ ਖੂੰਹਦ ਨੂੰ ਅੱਗ ਨਾ ਲਗਾਉਣ ਕਰਕੇ ਵਾਤਾਵਰਣ ਪ੍ਰੇਮੀ ਹੋਣ ਕਰਕੇ ਸਨਮਾਨਿਤ ਕੀਤਾ। ਅੱਜ ਮੈਂ ਕਿਸਾਨ ਮਜ਼ਦੂਰ ਜਥੇਬੰਦੀਆਂ ਦਾ ਮੈਂਬਰ ਹੋਣ ਦੇ ਨਾਲ ਖੇਤੀਬਾੜੀ ਵਿਭਾਗ ਕਾਹਨੂੰਵਾਨ ਦੀ ਬਲਾਕ ਫਾਰਮਰ ਐਡਵਾਇਜ਼ਰੀ ਕਮੇਟੀ ਦਾ ਮੈਂਬਰ ਹਾਂ।

(ਚੱਲਦਾ)



# ਅੰਬਾਂ ਦੇ ਬੂਟਿਆਂ ਦੀ ਲੁਆਈ ਅਤੇ ਸਾਂਭ-ਸੰਭਾਲ



ਅੰਬ ਦੇ ਬਗੀਚੇ ਦੀ ਮਿਆਰ ਸਿਹਤਮੰਦ, ਉੱਚ-ਗੁਣਵੱਤਾ ਵਾਲੇ ਪੌਦਿਆਂ ਦੇ ਪਾਲਣ ਪੋਸ਼ਣ ਨਾਲ ਸ਼ੁਰੂ ਹੁੰਦੀ ਹੈ, ਇਹ ਪ੍ਰਕਿਰਿਆ ਚੰਗੀ ਨਰਸਰੀ ਉੱਤੇ ਨਿਰਭਰ ਕਰਦੀ ਹੈ ।

**ਅੰਬ ਦੇ ਬੂਟੇ ਲਗਾਉਣ ਤੋਂ ਪਹਿਲਾਂ ਜ਼ਰੂਰੀ ਨੁਕਤੇ, ਸਮੱਸਿਆਵਾਂ ਅਤੇ ਹੱਲ** :

ਅੰਬ ਕਈ ਤਰ੍ਹਾਂ ਦੀਆਂ ਜ਼ਮੀਨਾਂ ਵਿਚ ਉਗਾਇਆ ਜਾ ਸਕਦਾ ਹੈ ਪਰ ਇਸ ਲਈ ਜ਼ਮੀਨ ਡੂੰਘੀ ਹੋਵੇ ਜਿਸ ਵਿਚ ਸਖਤ ਰੋੜ ਆਦਿ ਦੀ ਤਹਿ 6 ਫੁੱਟ ਤੱਕ ਨਹੀਂ ਹੋਣੀ ਚਾਹੀਦੀ । ਜੇਕਰ ਮਿੱਟੀ ਵਿਚ ਸਖਤ ਰੋੜਾਂ ਦੀ ਤਹਿ ਪਾਈ ਜਾਂਦੀ ਹੈ ਤਾਂ ਟੋਏ ਨੂੰ ਤਿਆਰ ਕਰਨ ਤੋਂ ਪਹਿਲਾਂ ਮਿੱਟੀ ਦੇ ਛੇ ਫੁੱਟ ਤੱਕ ਇਹ ਤਹਿ ਹਟਾ ਦੇਣੀ ਚਾਹੀਦੀ ਹੈ ।



ਅੰਬ ਦੇ ਬੂਟੇ ਲਗਾਉਣ ਵਾਲੀ ਜਗ੍ਹਾ ਦੀ ਮਿੱਟੀ ਦੇ ਤੱਤਾਂ ਦਾ ਦਰਜਾ ਅਤੇ ਹੋਰ ਹਾਲਤਾਂ ਵੀ ਅੰਬ ਦੇ ਬੂਟੇ ਦੇ ਵਾਧੇ ਲਈ ਬਹੁਤ ਜ਼ਰੂਰੀ ਹਨ । ਇਸ ਕਰਕੇ ਬਾਗ ਲਾਉਣ ਵਾਲੀ ਜ਼ਮੀਨ ਦੇ ਨਮੂਨੇ 2 ਮੀਟਰ ਦੀ ਡੂੰਘਾਈ ਤੱਕ ਲੈਣੇ ਚਾਹੀਦੇ ਹਨ । ਅੰਬ ਲਗਾਉਣ ਵਾਲੀ ਜ਼ਮੀਨ ਵਿਚ ਬਹੁਤਾ ਨਮਕੀਨ ਪਦਾਰਥ ਨਾ ਹੋਵੇ ਅਤੇ ਬਿਜਲੀ ਦੀ ਚਾਲਕਤਾ ਦੀ ਹੱਦ 1.0 ਮਿਲੀ ਮਹੌਜ਼/ਸੈਂਟੀਮੀਟਰ ਤੋਂ ਜ਼ਿਆਦਾ ਨਾ ਹੋਵੇ ।

ਬੂਟੇ ਲਾਉਣ ਤੋਂ ਪਹਿਲਾਂ ਬਾਗ ਦੀ ਵਿਉਂਤਬੰਦੀ ਕਰ ਲਉ । ਹਰ ਬੂਟੇਲਈ ਇਕ ਮੀਟਰ ਘੇਰੇ ਵਾਲੇ ਟੋਏ ਪੁੱਟ ਲਉ । ਇਨ੍ਹਾਂ ਟੋਇਆਂ ਵਿਚ ਉੱਪਰਲੀ ਮਿੱਟੀ ਅਤੇ ਚੰਗੀ ਤਰ੍ਹਾਂ ਤਿਆਰ ਰੂੜੀ ਬਰਾਬਰ ਮਾਤਰਾ ਵਿਚ ਪਾਓ । ਅੰਬ ਲਈ ਚੁਣੀ ਹੋਈ ਜ਼ਮੀਨ ਵਿਚ ਕੈਲਸ਼ੀਅਮ ਕਾਰਬੋਨੇਟ ਅਤੇ ਚੂਨਾ ਕ੍ਰਮਵਾਰ 10% ਅਤੇ 20% ਤੋਂ ਘੱਟ ਹੋਣੇ ਚਾਹੀਦੇ ਹਨ । ਜ਼ਮੀਨ ਦੀ ਰਸਾਇਣਿਕ ਕਿਰਿਆ (ਪੀ ਐਚ) 60 ਸੈਂਟੀਟਰ ਤੱਕ 8.5 ਤੋਂ ਜ਼ਿਆਦਾ ਨਾ ਹੋਵੇ ।

ਬੂਟਿਆਂ ਨੂੰ ਨਰਸਰੀ ਵਿਚੋਂ ਲੈ ਜਾਣ ਸਮੇਂ ਧਿਆਨ ਰੱਖੋ ਕਿ ਬੂਟੇ ਦੀ ਗਾਚੀ ਨਾ ਟੁੱਟ ਜਾਵੇ । ਗਾਚੀ ਟੁੱਟਣ ਜਾਂ ਗਾਚੀ ਵਿਚ ਤ੍ਰੇੜ ਆ ਜਾਣ ਕਾਰਨ ਬੂਟੇ ਲਗਾਉਣ ਪਿੱਛੋਂ ਅਕਸਰ ਸੁੱਕ ਜਾਂਦੇ ਹਨ । ਟਰਾਲੀ ਜਾਂ ਟਰੱਕ ਵਿਚ ਬੂਟਿਆਂ ਨੂੰ ਲੱਦਣ ਤੋਂ ਪਹਿਲਾਂ ਥੱਲੇ ਘਾਹ-ਫੂਸ, ਪਰਾਲੀ ਜਾਂ ਰੇਤੇ ਦੀ ਤਹਿ ਜਮਾਂ ਲਉ ਤਾਂ ਕਿ ਆਵਾਜਾਈ ਵੇਲੇ ਬੂਟਿਆਂ ਦੀ ਗਾਚੀ ਨਾ ਟੁੱਟੇ । ਅੰਬ ਦੀਆਂ ਜੜ੍ਹਾਂ ਲੰਬੀਆਂ ਹੁੰਦੀਆਂ ਹਨ, ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਨਰਸਰੀ ਤੋਂ ਲਿਆਂਦੇ ਪੌਦੇ ਨੂੰ ਜ਼ਮੀਨ ਵਿਚ ਲਗਾਉਣ ਸਮੇਂ ਇਸ ਦੀਆਂ ਜੜ੍ਹਾਂ ਨੂੰ ਨੁਕਸਾਨ ਨਾ ਪਹੁੰਚੇ ਇਸ ਨੂੰ ਨੁਕਸਾਨ ਪਹੁੰਚਿਆ ਤਾਂ ਅੰਬ ਦੇ ਪੌਦੇ ਮਰ ਸਕਦੇ ਹਨ ।

ਤਿੰਨ ਮਹੀਨਿਆਂ ਤੋਂ ਵਡੇਰੀ ਉਮਰ ਦੇ ਬੂਟਿਆਂ ਦੇ ਪੱਤਿਆਂ ਦੇ ਨੇੜੇ ਦੀ ਥਾਂ

**ਹਰਜੋਤ ਸਿੰਘ ਸੋਹੀ**
**ਅਤੇ ਇੰਦਰਾ ਦੇਵੀ,**
**ਫਲ ਖੋਜ ਕੇਂਦਰ, ਗੰਗੀਆਂ**
(ਮੋ. 94598-72106)

ਫੁੱਲ ਜਾਂਦੀ ਹੈ । ਸਿਰੇ ਤੋਂ ਟਾਹਣੀਆਂ ਗੁੱਛਾ-ਮੁੱਛਾ ਹੋ ਜਾਂਦੀਆਂ ਹਨ । ਫਲ ਪਏ ਬੂਟਿਆਂ ਦੀਆਂ ਡੰਡੀਆਂ ਤੇ ਮਾੜਾ ਅਸਰ ਪੈਂਦਾ ਹੈ । ਰੋਗੀ ਟਾਹਣੀਆਂ ਨੂੰ ਹਰ ਮਹੀਨੇ ਲਾਹ ਕੇ ਸਾੜ ਦਿਓ ।

ਪਾਣੀ ਦੀ ਬੱਚਤ ਅਤੇ ਪਾਣੀ ਦੀ ਵਾਧ-ਘਾਟ ਨਾਲ ਲੱਗਣ ਵਾਲੀਆਂ ਬਿਮਾਰੀਆਂ ਤੋਂ ਬਚਾਉਣ ਲਈ ਜ਼ਮੀਨ ਨੂੰ ਬਾਗ ਲਾਉਣ ਤੋਂ ਪਹਿਲਾਂ ਲੇਜ਼ਰ ਕਰਾਹੇ ਨਾਲ ਪੱਧਰਾ ਕਰੋ । ਅੰਬ ਲਈ ਪਾਣੀ ਦੀ ਸਤਹਿ ਧਰਤੀ ਵਿਚ 3 ਮੀਟਰ ਤੋਂ ਹੇਠਾਂ ਹੋਵੇ ਤਾਂ ਚੰਗੀ ਗੱਲ ਹੈ ।

ਅੰਬ ਮੁੱਖ ਤੌਰ 'ਤੇ ਇਕ ਗਰਮ ਰੁੱਤ ਦਾ ਫਲ ਹੈ, ਇਸਦੇ ਵਿਕਾਸ ਦੇ ਪੜਾਅ ਦੌਰਾਨ 24-27 ਡਿਗਰੀ ਸੈਲਸੀਅਸ ਦੇ ਤਾਪਮਾਨ ਵਿਚ ਸਭ ਤੋਂ ਵੱਧ ਲਾਭਦਾਇਕ ਹੈ, ਉੱਚ ਨਮੀਂ ਦੇ ਨਾਲ ਜਦੋਂ ਤਾਪਮਾਨ-1 ਡਿਗਰੀ ਸੈਲਸੀਅਸ ਤੋਂ ਘੱਟ ਜਾਂਦਾ ਹੈ ਤਾਂ ਨਵੇਂ ਲਾਏ ਅੰਬ ਦੇ ਪੌਦੇ ਅਤੇ ਨਵੀਆਂ ਟਾਹਣੀਆਂ ਠੰਡ ਦੇ ਨੁਕਸਾਨ ਲਈ ਸੰਵੇਦਨਸ਼ੀਲ ਹੁੰਦੀਆਂ ਹਨ, ਜਦੋਂ ਕਿ ਜੇਕਰ ਤਾਪਮਾਨ ਅਚਾਨਕ 4.5 ਡਿਗਰੀ ਸੈਲਸੀਅਸ ਤੋਂ ਘੱਟ ਜਾਂਦਾ ਹੈ ਤਾਂ ਵਿਕਾਸਸ਼ੀਲ ਫਲਾਂ ਨੂੰ ਨੁਕਸਾਨ ਹੋ ਸਕਦਾ ਹੈ ।

ਅੰਬ, ਇਕ ਸਦਾਬਹਾਰ ਫਲ ਪੌਦਾ ਹੋਣ ਦੇ ਨਾਤੇ ਫਰਵਰੀ ਤੋਂ ਮਾਰਚ ਤੱਕ ਅਤੇ ਫਿਰ ਅਗਸਤ ਤੋਂ ਸਤੰਬਰ ਤੱਕ ਹਰੇਕ ਮਾਪ ਵਿਚ ਲਾਇਆ ਜਾ ਸਕਦਾ ਹੈ । ਬੂਟੇ ਲਗਾਉਣ ਦਾ ਅਨੁਕੂਲ ਸਮਾਂ ਅਗਸਤ ਤੋਂ ਸਤੰਬਰ ਤੱਕ ਹੁੰਦਾ ਹੈ, ਜਦੋਂ ਮੌਸਮ ਮੁਕਾਬਲਤਨ ਠੰਡਾ ਹੁੰਦਾ ਹੈ ।



ਵਿਗਿਆਨਕ ਢੰਗ ਨਾਲ ਅੰਬ ਦੇ ਬੂਟੇ ਪਾਸੇ ਪਿਉਂਦ ਤੋਂ ਇਲਾਵਾ ਫਾਨਾ ਪਿਉਂਦ ਵਿਧੀ ਨਾਲ ਵੀ ਅੱਧ ਜੁਲਾਈ ਤੋਂ ਅਖੀਰ ਅਗਸਤ ਮਹੀਨਿਆਂ ਦੌਰਾਨ ਨਰਸਰੀ ਜਾਂ ਸੁਰੱਖਿਅਤ ਹਾਲਤਾਂ (ਪੌਲੀਹਾਊਸ) ਵਿਚ ਤਿਆਰ ਕੀਤੇ ਜਾ ਸਕਦੇ ਹਨ । ਇਸ ਵਿਧੀ ਲਈ ਜੜ੍ਹ-ਮੁੱਢ ਦੀ ਮੋਟਾਈ ਅੱਖਾਂ ਵਾਲੀ ਟਾਹਣੀ ਦੇ ਬਰਾਬਰ ਜਾਂ ਇਸ ਤੋਂ ਮੋਟੀ ਹੋਣੀ ਚਾਹੀਦੀ ਹੈ । ਪਿਉਂਦ ਵਾਲੀ ਟਾਹਣੀ ਨਰੋਈ, ਤੰਦਰੁਸਤ ਅਤੇ 3-4 ਮਹੀਨੇ ਪੁਰਾਣੀ ਹੋਣੀ ਚਾਹੀਦੀ ਹੈ ਅਤੇ ਪਿਉਂਦ ਕਰਨ ਤੋਂ 8-10 ਦਿਨ ਪਹਿਲਾਂ ਇਸ ਟਾਹਣੀ ਤੋਂ ਪੱਤੇ, ਡੰਡੀਆਂ ਛੱਡ ਕੇ ਕੱਟ ਦਿਓ । ਜੜ੍ਹ-ਮੁੱਢ ਨੂੰ ਵੀ 3-4 ਪੱਤੇ ਰੱਖ ਕੇ ਨਵੀਂ ਫੋਟ ਵਾਲੀ ਜਗ੍ਹਾ ਤੋਂ ਉੱਪਰ ਕੱਟ ਕੇ ਤਿਆਰ ਕਰੋ । ਪਿਉਂਦ ਕੀਤੇ ਭਾਗ ਤੋਂ ਨਵੀਂ ਫੋਟ ਦੇ ਹੇਠਾਂ ਉੱਗੇ ਫੁਟਾਰ ਨੂੰ ਕੱਟਦੇ ਰਹੋ । ਚੰਗੀ ਤਰ੍ਹਾਂ ਤਿਆਰ ਕੀਤੀ ਨਰਸਰੀ ਦੇ ਬੂਟੇ ਹੀ ਲਗਾਓ ਇਸ ਨਾਲ ਅੰਬ ਦੇ ਬੂਟੇ ਦੇ ਜੜ੍ਹ-ਮੁਢ ਵਾਲੀ ਜਗ੍ਹਾ ਤੰਦਰੁਸਤ ਅਤੇ ਬੂਟੇ ਦਾ ਵਿਕਾਸ ਸਹੀ ਢੰਗ ਨਾਲ ਹੋਵੇਗਾ ।

ਗ੍ਰਾਫਟਿਡ ਕਿਸਮਾਂ ਲਈ, ਆਮ ਤੌਰ 'ਤੇ ਇਕ ਵਰਗ ਪ੍ਰਣਾਲੀ ਵਿਚ 9×9 ਮੀਟਰ ਦੀ ਦੂਰੀ 'ਤੇ ਲਗਾਏ ਜਾਂਦੇ ਹਨ, ਜਦੋਂ ਕਿ ਚੂਸਣ ਵਾਲੀ ਕਿਸਮ ਤੇ ਅੰਬ 10×10 ਮੀਟਰ ਦੀ ਦੂਰੀ 'ਤੇ ਲਗਾਏ ਜਾਂਦੇ ਹਨ ।

ਅੰਬ ਦੇ ਪੌਦੇ 30 ਫੁੱਟ ਦੀ ਦੂਰੀ ਦੇ ਹਿਸਾਬ ਨਾਲ 7×7 ਕਤਾਰਾਂ ਅਤੇ ਕਤਾਰ ਵਿਚ 49 ਬੂਟੇ ਪ੍ਰਤੀ ਏਕੜ ਲਗਾਏ ਜਾ ਸਕਦੇ ਹਨ । ਅੰਬ ਦੀਆਂ ਚੰਗੀਆਂ ਨਸਲਾਂ ਦੇ ਬੂਟੇ ਪੀ.ਏ.ਯੂ., ਲੁਧਿਆਣਾ, ਐੱਮ ਐੱਸ ਰੰਧਾਵਾ, ਫਲ ਖੋਜ ਕੇਂਦਰ, ਗੰਗੀਆਂ (ਹੁਸ਼ਿਆਰਪੁਰ) ਅਤੇ ਖੇਤਰੀ ਖੋਜ ਕੇਂਦਰ, ਗੁਰਦਾਸਪੁਰ ਕੇਂਦਰ ਤੋਂ ਮਿਲਦੇ ਹਨ ।

**ਅੰਬ ਦੀਆਂ ਉੱਨਤ ਕਿਸਮਾਂ** : ਅਲਫੈਂਜ਼ੋ, ਦੁਸਿਹਰੀ, ਲੰਗੜਾ ਇਸ ਦੇ ਨਾਲ ਚੂਪਣ ਵਾਲੇ ਅੰਬ ਦੀਆਂ ਕਿਸਮਾਂ ਗੰਗੀਆਂ ਸੰਧੂਰੀ (ਜੀ ਐੱਨ-19), ਜੀ ਐੱਨ-1, ਜੀ ਐੱਨ-2, ਜੀ ਐੱਨ-3, ਜੀ ਐੱਨ-4, ਜੀ ਐੱਨ-5, ਜੀ ਐੱਨ-6 ਅਤੇ ਜੀ ਐੱਨ-7 ਹਨ ।

# ਕਿਸਾਨ ਵੀਰੋ ! ਪੀ.ਏ.ਯੂ. ਦੇ ਕਿਸਾਨ ਮੇਲਿਆਂ ਤੇ ਮਿੱਟੀ ਅਤੇ ਪਾਣੀ ਦੇ ਨਮੂਨੇ ਜ਼ਰੂਰ ਲੈ ਕੇ ਪਹੁੰਚੋ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਹਰ ਸਾਲ ਸਾਉਣੀ ਅਤੇ ਹਾੜ੍ਹੀ ਰੁੱਤੇ ਲੁਧਿਆਣਾ ਵਿਖੇ ਵੱਖ-ਵੱਖ ਖੇਤਰੀ ਖੋਜ ਕੇਂਦਰਾਂ/ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿਖੇ ਕਿਸਾਨ ਮੇਲੇ ਲਗਾਏ ਜਾਂਦੇ ਹਨ । ਇਹ ਮੇਲੇ ਕਿਸਾਨਾਂ ਦੇ ਖੇਤੀ ਸੰਬੰਧੀ ਗਿਆਨ ਵਿਚ ਵਾਧਾ ਕਰਨ, ਰੋਜ਼ਾਨਾ ਦੀ ਆਮਦਨ ਲਈ ਸਹਾਇਕ ਧੰਦੇ ਅਪਨਾਉਣ, ਨਵੀਆਂ ਕਿਸਮਾਂ ਦੇ ਸੁਧਰੇ ਬੀਜ ਮੁਹੱਈਆ ਕਰਵਾਉਣ ਆਦਿ ਨੂੰ ਧਿਆਨ ਵਿਚ ਰੱਖ ਕੇ ਲਗਾਏ ਜਾਂਦੇ ਹਨ । ਇਸ ਸਾਲ (2024) ਸਤੰਬਰ ਮਹੀਨੇ ਵਿਚ ਯੂਨੀਵਰਸਿਟੀ ਵੱਲੋਂ 6 ਖੇਤਰੀ ਕਿਸਾਨ ਮੇਲੇ ਲਗਾਏ ਜਾ ਰਹੇ ਹਨ । ਇਹਨਾਂ ਮੇਲਿਆਂ ਦਾ ਉਦੇਸ਼ ''ਕੁਦਰਤੀ ਸੋਮੇ ਬਚਾਓ, ਸਭ ਲਈ ਖੁਸ਼ਹਾਲੀ ਲਿਆਓ'' ਹੈ । ਇਸ ਉਦੇਸ਼ ਨੂੰ ਮੁੱਖ ਰੱਖਦਿਆਂ ਮਿੱਟੀ ਅਤੇ ਪਾਣੀ ਦੋ ਅਜਿਹੇ ਵਡਮੁੱਲੇ ਕੁਦਰਤੀ ਸਰੋਤ ਹਨ, ਜਿਨ੍ਹਾਂ ਦੀ ਸੰਭਾਲ ਰੱਖਣ ਨਾਲ ਫਸਲਾਂ ਦੇ ਵਧੀਆ ਝਾੜ ਦੇ ਨਾਲ ਨਾਲ ਵਾਤਾਵਰਣ ਨੂੰ ਵੀ ਸੁਰੱਖਿਅਤ ਰੱਖਿਆ ਜਾ ਸਕਦਾ ਹੈ । ਇਸ ਕਰਕੇ ਮਿੱਟੀ ਅਤੇ ਪਾਣੀ ਦੀ ਪਰਖ ਸਮੇਂ-ਸਮੇਂ ਤੇ ਕਰਵਾਉਣ ਨਾਲ ਇਸ ਦੀ ਸਿਹਤ ਵਿਚ ਬਦਲਾਅ ਬਾਰੇ ਜਾਣਕਾਰੀ ਮਿਲਦੀ ਰਹਿੰਦੀ ਹੈ, ਜਿਸ ਆਧਾਰ ਤੇ ਕਿਸਾਨ ਵੀਰ ਆਪਣੀਆਂ ਅਗਲੀਆਂ ਫਸਲਾਂ ਦੀ ਢੁੱਕਵੀਂ ਵਿਉਂਤਬੰਦੀ ਕਰ ਸਕਦੇ ਹਨ ।



**ਕਿਸਾਨ ਵੀਰੋ ! ਮਿੱਟੀ ਅਤੇ ਪਾਣੀ ਦੀ ਪਰਖ ਲਈ ਸਤੰਬਰ ਵਿਚ ਲੱਗਣ ਵਾਲੇ ਕਿਸਾਨ ਮੇਲਿਆਂ ਵਿਚ ਆਪਣੇ-ਆਪਣੇ ਖੇਤ ਦੀ ਮਿੱਟੀ ਅਤੇ ਬੋਰਾਂ ਦੇ ਪਾਣੀ ਦੇ ਨਮੂਨੇ ਜ਼ਰੂਰ ਲੈ ਕੇ ਆਉ ।**

★ ਇਹਨਾਂ ਮੇਲਿਆਂ ਵਿਚ ਮਿੱਟੀ ਅਤੇ ਪਾਣੀ ਪਰਖ ਵਿਭਾਗ ਵੱਲੋਂ ਲਗਾਈਆਂ ਸਟਾਲਾਂ ਵਿਚ ਨਮੂਨੇ ਜਮ੍ਹਾਂ ਕਰਵਾਓ ।

★ ਕਿਸਾਨ ਵੀਰ ਮਿੱਟੀ ਦਾ ਨਮੂਨਾ "V" ਅੱਖਰ ਦੇ ਅਕਾਰ ਦਾ ਟੋਆ ਪੁੱਟ ਕੇ ਸਾਈਡਾਂ ਵਾਲੀ ਉੱਪਰਲੀ 6 ਇੰਚ ਦੀ ਤਿਰਛੀ ਤਹਿ ਤੋਂ ਮਿੱਟੀ ਭਰ ਸਕਦੇ ਹਨ ।

★ ਹਰੇਕ ਨਮੂਨੇ ਵਿਚ ਕਿਸਾਨ ਦਾ ਨਾਂ, ਪਤਾ ਅਤੇ ਖੇਤ ਦੀ ਪਛਾਣ ਵਾਲੀ ਪਰਚੀ ਜ਼ਰੂਰ ਹੋਣੀ ਚਾਹੀਦੀ ਹੈ ।

★ ਪਾਣੀ ਦੇ ਨਮੂਨੇ ਲਈ ਅੱਧੇ ਘੰਟੇ ਤੋਂ ਚੱਲਦੇ ਬੋਰ ਚੋਂ ਅੱਧੇ ਤੋਂ ਇੱਕ ਲੀਟਰ ਪਾਣੀ ਨੂੰ ਸਾਫ ਕੱਚ ਕੀ ਬੋਤਲ ਵਿਚ ਭਰ ਕੇ ਲਿਆਓ ।

★ ਧਿਆਨ ਰਹੇ ਬੋਤਲ ਨੂੰ ਸਾਬਣ ਜਾਂ ਸਰਫ ਨਾਲ ਬਿਲਕੁਲ ਨਾ ਧੋਵੋ ।

★ ਪਾਣੀ ਦੇ ਨਮੂਨੇ ਦਾ ਟੈਸਟ ਕਰਵਾਉਣ ਦੀ ਫੀਸ 50/-ਰੁਪਏ ਪ੍ਰਤੀ ਨਮੂਨਾ ਅਤੇ ਮਿੱਟੀ ਦੇ ਵੱਡੇ ਤੱਤਾਂ ਦੇ ਟੈਸਟ ਕਰਵਾਉਣ ਦੀ ਫੀਸ 50/-ਰੁਪਏ ਪ੍ਰਤੀ ਨਮੂਨਾ ਹੈ ।

★ ਮਿੱਟੀ ਦੇ ਨਮੂਨਿਆਂ ਦੀ ਰਿਪੋਰਟ 15 ਤੋਂ 20 ਦਿਨਾਂ ਤੱਕ ਆ ਜਾਂਦੀ ਹੈ ਅਤੇ ਪਾਣੀ ਦੀ ਰਿਪੋਰਟ ਕਿਸਾਨ ਵੀਰ ਉਸੇ ਦਿਨ ਬਾਅਦ ਦੁਪਹਿਰ ਮੇਲੇ ਦੇ ਦੌਰਾਨ ਹੀ ਪ੍ਰਾਪਤ ਕਰ ਸਕਦੇ ਹਨ ।

★ ਇਸ ਲਈ ਸਾਰੇ ਕਿਸਾਨ ਵੀਰਾਂ ਨੂੰ ਸੁਝਾਅ ਦਿੱਤਾ ਜਾਂਦਾ ਹੈ ਕਿ ਆਉਣ ਵਾਲੇ ਕਿਸਾਨ ਮੇਲਿਆਂ ਤੇ ਪਹੁੰਚਣ ਸਮੇਂ ਆਪਣੇ-ਆਪਣੇ ਖੇਤ ਦੀ ਮਿੱਟੀ ਅਤੇ ਬੋਰਾਂ ਦੇ ਪਾਣੀ ਦੇ ਸੈਂਪਲ ਲੈ ਕੇ ਆਉ ।

**ਅਸ਼ੋਕ ਕੁਮਾਰ ਗਰਗ ਅਤੇ ਗੁਬਿੰਦਰ ਸਿੰਘ,**
**ਪੀ ਏ ਯੂ-ਫਾਰਮ ਸਲਾਹਕਾਰ ਸੇਵਾ ਕੇਂਦਰ,**
**ਸੰਗਰੂਰ, ਮੋਬਾਇਲ** : 95018-55223

RNI Regd. No. PUNPUN00806

# ਪੰਜਾਬ ’ਚ ਬਾਸਮਤੀ ਦੀ ਕਾਸ਼ਤ ਅਧੀਨ ਰਕਬੇ ਵਿਚ 12.58 ਫੀਸਦੀ ਦਾ ਵਾਧਾ

ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਸੂਬੇ ਵਿਚ ਫਸਲੀ ਵਿਭਿੰਨਤਾ ਮੁਹਿੰਮ ਨੂੰ ਵੱਡਾ ਹੁਲਾਰਾ ਮਿਲਿਆ ਹੈ ਕਿਉਕਿ ਪੰਜਾਬ ਵਿਚ ਇਸ ਸਾਉਣੀ ਸੀਜ਼ਨ ਦੌਰਾਨ ਬਾਸਮਤੀ ਦੀ ਕਾਸ਼ਤ ਅਧੀਨ ਰਕਬੇ ਵਿਚ 12.58 ਫੀ ਸਦੀ ਵਾਧਾ ਦਰਜ ਕੀਤਾ ਗਿਆ ਹੈ । ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਇਸ ਸਾਲ 6.71 ਲੱਖ ਹੈਕਟੇਅਰ ਰਕਬਾ ਬਾਸਮਤੀ ਦੀ ਕਾਸ਼ਤ ਅਧੀਨ ਹੈ, ਜੋ ਕਿ ਸਾਉਣੀ ਸੀਜ਼ਨ 2023-24 ਦੌਰਾਨ 5.96 ਲੱਖ ਹੈਕਟੇਅਰ ਸੀ ।

ਬਾਸਮਤੀ ਦੀ ਕਾਸ਼ਤ ਬਾਰੇ ਜ਼ਿਲ੍ਹੇਵਾਰ ਜਾਣਕਾਰੀ ਸਾਂਝੀ ਕਰਦਿਆਂ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹਾ 1.46 ਲੱਖ ਹੈਕਟੇਅਰ ਰਕਬੇ ਵਿਚ ਬਾਸਮਤੀ ਦੀ ਕਾਸ਼ਤ ਨਾਲ ਸੂਬੇ ਭਰ ਵਿੱਚੋਂ ਮੋਹਰੀ ਹੈ। ਅੰਮ੍ਰਿਤਸਰ ਤੋਂ ਬਾਅਦ ਕ੍ਰਮਵਾਰ ਮੁਕਤਸਰ ਜ਼ਿਲ੍ਹੇ ਵਿਚ 1.10 ਲੱਖ ਹੈਕਟੇਅਰ, ਫਾਜ਼ਿਲਕਾ ਵਿਚ 84.9 ਹਜ਼ਾਰ ਹੈਕਟੇਅਰ, ਤਰਨ ਤਾਰਨ ਵਿਚ 72.5 ਹਜ਼ਾਰ ਹੈਕਟੇਅਰ ਅਤੇ ਸੰਗਰੂਰ ਜ਼ਿਲ੍ਹੇ ਵਿਚ 49.8 ਹਜ਼ਾਰ ਹੈਕਟੇਅਰ ਨਾਲ ਸਭ ਤੋਂ ਵੱਧ ਰਕਬੇ ਵਿਚ ਬਾਸਮਤੀ ਲਾਈ ਗਈ ਹੈ ।



ਖੇਤੀਬਾੜੀ ਮੰਤਰੀ ਨੇ ਦਸਿਆ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਝੋਨੇ ਦੀ ਸਿੱਧੀ ਬਿਜਾਈ (ਡੀ. ਐਸ. ਆਰ.) ਅਧੀਨ ਰਕਬੇ ਵਿਚ 46.5 ਫੀਸਦੀ ਵਾਧਾ ਦਰਜ ਕੀਤਾ ਗਿਆ ਹੈ । ਪਾਣੀ ਦੀ ਬਚਤ ਲਈ ਇਸ ਸਾਲ ਸੂਬੇ ਭਰ ਵਿਚ 2.52 ਲੱਖ ਏਕੜ ਵਿਚ ਝੋਨੇ ਦੀ ਸਿੱਧੀ ਬਿਜਾਈ ਕੀਤੀ ਗਈ ਹੈ, ਜੋ 2023 ਦੇ ਸਾਉਣੀ ਸੀਜ਼ਨ ਦੌਰਾਨ 1.72 ਲੱਖ ਏਕੜ ਸੀ ।

ਪੰਜਾਬ ਸਰਕਾਰ ਦੀ ਖੇਤੀਬਾੜੀ ਨੂੰ ਲਾਹੇਵੰਦ ਕਿੱਤਾ ਬਣਾਉਣ ਦੀ ਵਚਨਬੱਧਤਾ ਨੂੰ ਦੁਹਰਾਉਦਿਆਂ ਸ. ਖੁੱਡੀਆਂ ਨੇ ਕਿਹਾ ਕਿ ਸੂਬਾ ਸਰਕਾਰ ਨੇ ਬਾਸਮਤੀ ‘ਤੇ 10 ਕੀਟਨਾਸ਼ਕਾਂ ਦੀ ਵਰਤੋਂ ‘ਤੇ ਪਾਬੰਦੀ ਲਗਾਈ ਹੈ ਤਾਂ ਜੋ ਪੰਜਾਬੀ ਦੀ ਬਾਸਮਤੀ ਦੀ ਗੁਣਵੱਤਾ ਨੂੰ ਵਿਸ਼ਵ ਪੱਧਰੀ ਬਣਾ ਕੇ ਇਸ ਦੇ ਨਿਰਯਾਤ ਨੂੰ ਵਧਾ ਕੇ ਕਿਸਾਨਾਂ ਦੀ ਆਮਦਨ ਹੋਰ ਵਧਾਈ ਜਾ ਸਕੇ ।

# ਖੇਤੀਬਾੜੀ ਵਿਭਾਗ ਵੱਲੋਂ ਨਰਮੇ ਦੇ ਖੇਤਾਂ ਦਾ ਦੌਰਾ, ਹਾਲੇ ਫਸਲ ਹੈ ਵਧੀਆ

ਨਰਮੇ ਦੀ ਫਸਲ ਤੇ ਗੁਲਾਬੀ ਸੁੰਡੀ ਅਤੇ ਚਿੱਟੀ ਮੱਖੀ ਦੀ ਰੋਕਥਾਮ ਲਈ ਡਾ. ਸੰਦੀਪ ਕੁਮਾਰ ਰਿਣਵਾ, ਮੁੱਖ ਖੇਤੀਬਾੜੀ ਅਫਸਰ, ਫਾਜਿਲਕਾ, ਡਾ. ਬਲਦੇਵ ਸਿੰਘ, ਸਹਾਇਕ ਕਪਾਹ ਵਿਸਥਾਰ ਅਫਸਰ, ਫਾਜਿਲਕਾ, ਅਸ਼ੀਸ਼ ਸ਼ਰਮਾ, ਖੇਤੀਬਾੜੀ ਵਿਕਾਸ ਅਫਸਰ (ਹ.ਕ) ਹਰੀਸ਼ ਕੁਮਾਰ, ਖੇਤੀਬਾੜੀ ਵਿਕਾਸ ਅਫਸਰ, ਪੀ.ਪੀ. ਅਤੇ ਸੁਖਦੀਪ ਸਿੰਘ, ਖੇਤੀਬਾੜੀ ਉਪ ਨਿਰੀਖਕ ਵੱਲੋ ਪਿੰਡ ਉਡੀਆ ਵਿਖੇ ਕਿਸਾਨ ਬੂਟਾ ਸਿੰਘ ਦੇ ਨਰਮੇ ਦੇ ਖੇਤ ਦਾ ਦੌਰਾ ਕੀਤਾ ਗਿਆ। ਨਰਮੇ ਦਾ ਕੱਦ ਕਾਠ ਅਤੇ ਰੰਗਤ ਠੀਕ ਹੈ। ਨਰਮੇ ਦੇ ਖੇਤ ਦਾ ਸਰਵੇਖਣ ਕਰਨ ਉਪਰੰਤ ਚਿੱਟੀ ਮੱਖੀ ਅਤੇ ਗੁਲਾਬੀ ਸੁੰਡੀ ਦਾ ਹਮਲਾ ਆਰਥਿਕ ਨੁਕਸਾਨ ਦੀ ਹੱਦ ਤੋਂ ਘੱਟ ਪਾਇਆ ਗਿਆ ਹੈ।



ਇਸ ਤੋਂ ਇਲਾਵਾ ਮੁੱਖ ਖੇਤੀਬਾੜੀ ਅਫਸਰ, ਸੰਦੀਪ ਰਿਣਵਾ ਵੱਲੋਂ ਕਿਸਾਨਾਂ ਨੂੰ ਦੱਸਿਆ ਗਿਆ ਕਿ ਜਿਲ੍ਹੇ ਵਿੱਚ ਹਫਤੇ ਵਿੱਚ ਦੋ ਦਿਨ (ਸੋਮਵਾਰ ਅਤੇ ਵੀਰਵਾਰ) ਨੂੰ 20 ਪੈਸਟ ਸਰਵੀਲੈਂਸ ਟੀਮਾਂ ਵੱਲੋਂ ਨਰਮੇ ਦੀ ਫਸਲ ਤੇ ਪੈਸਟ ਸਰਵੇਲੈਂਸ ਕੀਤਾ ਜਾਂਦਾ ਹੈ। ਜਿੰਨ੍ਹਾ ਖੇਤਾਂ ਵਿੱਚ ਗੁਲਾਬੀ ਸੁੰਡੀ ਅਤੇ ਚਿੱਟੀ ਮੱਖੀ ਦਾ ਹਮਲਾ ਈ.ਟੀ.ਐਲ. ਤੋਂ ਵੱਧ ਪਾਇਆ ਜਾਂਦਾ ਹੈ ਤਾਂ ਉਨ੍ਹਾਂ ਖੇਤਾ ਦੀ ਪਹਿਲ ਦੇ ਅਧਾਰ ਤੇ ਨਜਰ ਰੱਖੀ ਜਾਂਦੀ ਹੈ ਅਤੇ ਕਿਸਾਨਾਂ ਨੂੰ ਪੀ.ਏ.ਯੂ. ਲੁਧਿਆਣਾ ਦੀਆਂ ਸ਼ਿਫਾਰਸ਼ੁਦਾ ਸਪਰੇਆ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਜਿਲ੍ਹਾ ਫਾਜਿਲਕਾ ਵਿਖੇ ਮਿਤੀ 22-8-24 ਨੂੰ ਜਿਲੇ ਦੀਆਂ 20 ਪੈਸਟ ਸਰਵੇਖਣ ਟੀਮਾਂ ਵੱਲੋ ਕੁੱਲ ਨਰਮੇ ਦੇ 44 ਪਲਾਟ ਵੇਖੇ ਗਏ ਜਿਨ੍ਹਾਂ ਵਿਚੋ 3 ਹਾਟਸਪਾਟ ਚਿੱਟੀ ਮੱਖੀ ਅਤੇ 4 ਹਾਟ ਸਪਾਟ ਗੁਲਾਬੀ ਸੁੰਡੀ ਦੇ ਪਾਏ ਗਏ। ਇਹਨਾਂ ਹਾਟਸਪਾਟ ਖੇਤਾਂ/ਪਲਾਟਾਂ ਵਿਚ ਕਿਸਾਨਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸੀਟੀ ਲੁਧਿਆਣਾ ਦੀਆਂ ਸਿਫਾਰਸ਼ਾ ਅਨੁਸਾਰ ਕੀਟਨਾਸ਼ਕਾਂ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਗਈ । ਉਹਨਾਂ ਨੇ ਦੱਸਿਆ ਕਿ ਇਸ ਸਮੇਂ ਨਰਮੇ ਦੀ ਫਸਲ ਫੁੱਲ ਗੁੱਡੀ ਦੀ ਅਵਸਥਾ ਤੇ ਹੈ। ਇਸ ਦੌਰਾਨ 13:0:45 ਦੇ ਚਾਰ ਸਪਰੇਅ (2 ਕਿੱਲੋ 13:0:45 ਪ੍ਰਤੀ ਏਕੜ ਪ੍ਰਤੀ 100-125 ਲੀਟਰ) ਹਫਤੇ-ਹਫਤੇ ਬਾਅਦ ਕੀਤੀਆ ਜਾਣ। ਮੁੱਖ ਖੇਤੀਬਾੜੀ ਅਫਸਰ, ਫਾਜਿਲਕਾ ਵੱਲੋ ਕਿਸਾਨਾਂ ਨੂੰ ਆਪਣੇ ਖੇਤਾਂ ਦਾ ਲਗਾਤਾਰ ਸਰਵੇਖਣ ਕਰਨ ਲਈ ਕਿਹਾ ਗਿਆ ਕਿ ਜੇਕਰ ਚਿੱਟੀ ਮੱਖੀ ਅਤੇ ਗੁਲਾਬੀ ਸੁੰਡੀ ਦਾ ਹਮਲਾ ਈ.ਟੀ.ਐਲ. ਤੋਂ ਵੱਧ ਪਾਇਆ ਜਾਂਦਾ ਹੈ ਤਾਂ ਖੇਤੀਬਾੜੀ ਮਹਿਕਮੇ ਦੇ ਅਧਿਕਾਰੀਆਂ ਨਾਲ ਤਾਲਮੇਲ ਕੀਤਾ ਜਾਵੇ।

# ਨਰਮੇ ਦੀ ਹਾਲਤ ’ਚ ਸੁਧਾਰ, ਚਿੱਟੀ ਮੱਖੀ ਵੀ ਘਟੀ

ਪਿਛਲੇ ਦਿਨੀਂ ਪਏ ਮੀਂਹ ਨਾਲ ਮਾਲਵੇ ਵਿਚ ਨਰਮੇ ਦੀ ਫਸਲ ਦੀ ਸਥਿਤੀ ਬਦਲ ਗਈ ਹੈ । ਇਸ ਤੋਂ ਬਾਅਦ ਨਰਮੇ ਦੀ ਫਸਲ ਦੀ ਹਾਲਤ ਕਾਫੀ ਸੁਧਰੀ ਹੈ । ਜਿੱਥੇ ਚਿੱਟੀ ਮੱਖੀ ਦਾ ਹਮਲਾ ਕਾਫੀ ਘਟ ਗਿਆ ਹੈ, ਉੱਥੇ ਹੀ ਫਸਲ ਦਾ ਰੁਕਿਆ ਹੋਇਆ ਵਿਕਾਸ ਵੀ ਸ਼ੁਰੂ ਹੋ ਗਿਆ ਹੈ, ਜਿਸ ਕਾਰਨ ਨਰਮਾ ਉਤਪਾਦਕ ਕਿਸਾਨਾਂ ਨੇ ਸੁੱਖ ਦਾ ਸਾਹ ਲਿਆ ਹੈ । ਚਿੱਟੀ ਮੱਖੀ ਦੇ ਘਟਣ ਅਤੇ ਨਰਮੇ ਦੇ ਬੂਟਿਆਂ ਦੇ ਵਧਣ ਨਾਲ ਕਿਸਾਨਾਂ ਨੇ ਵੀ ਆਪਣੀਆਂ ਫਸਲਾਂ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਹੈ । ਜਿੱਥੇ ਫਸਲਾਂ ਨੂੰ ਯੂਰੀਆ ਖਾਦ ਪਾਈ ਜਾ ਰਹੀ ਹੈ, ਉੱਥੇ ਕੀਟਨਾਸ਼ਕਾਂ ਦਾ ਛਿੜਕਾਅ ਵੀ ਕੀਤਾ ਜਾ ਰਿਹਾ ਹੈ । ਜੇਕਰ ਇਹੀ ਸਥਿਤੀ ਬਣੀ ਰਹੀ ਤਾਂ ਚੰਗੀ ਫਸਲ ਹੋਣ ਦੀ ਸੰਭਾਵਨਾ ਹੈ । ਨਰਮੇ ਦੀ ਫਸਲ ਦੀ ਮੌਜੂਦਾ ਹਾਲਤ ਕਾਰਨ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦੀ ਚਿੰਤਾ ਵੀ ਕਾਫੀ ਘੱਟ ਗਈ ਹੈ । ਪਰ ਇਸ ਦੇ ਬਾਵਜੂਦ ਉਹ ਕਿਸਾਨਾਂ ਨੂੰ ਜਾਗਰੂਕ ਕਰਨ ਵਿਚ ਲੱਗੇ ਹੋਏ ਹਨ । ਬਠਿੰਡੇ ਜ਼ਿਲ੍ਹੇ ਵਿਚ ਇਸ ਵਾਰ ਸਿਰਫ ਸਾਢੇ 14 ਹਜ਼ਾਰ ਹੈਕਟੇਅਰ ਰਕਬੇ ਵਿਚ ਨਰਮੇ ਦੀ ਬਿਜਾਈ ਹੋਈ ਹੈ । ਇਹ ਬਿਜਾਈ ਹੋਈ ਹੈ । ਇਹ ਬਿਜਾਈ ਵੀ ਉਨ੍ਹਾਂ ਜ਼ਮੀਨਾਂ ਵਿਚ ਹੀ ਹੋਈ ਹੈ ਜਿੱਥੇ ਪਾਣੀ ਦੀ ਕਮੀ ਕਾਰਨ ਝੋਨਾ ਨਹੀਂ ਲਾਇਆ ਜਾ ਸਕਦਾ ਸੀ । ਪਰ ਇਸ ‘ਤੇ ਵੀ ਚਿੱਟੀ ਮੱਖੀ ਨੇ ਹਮਲਾ ਕਰ ਦਿੱਤਾ, ਜਿਸ ਤੋਂ ਬਾਅਦ ਕੁਝ ਕਿਸਾਨਾਂ ਨੇ ਨਰਮੇ ਦੀ ਫਸਲ ਵਾਹੁਣੀ ਸ਼ੁਰੂ ਕਰ ਦਿੱਤੀ ਸੀ । ਇਸ ਖੇਤਰ ਵਿਚ ਨਾ ਮੀਂਹ ਪੈਣ ‘ਤੇ ਕਈ ਕਿਸਾਨ ਆਪਣੀਆਂ ਫਸਲਾਂ ਵਾਹੁਣ ਲਈ ਤਿਆਰ ਹੀ ਸਨ, ਪਰ ਪਹਿਲੀ ਅਗਸਤ ਨੂੰ ਜ਼ਿਲ੍ਹੇ ਅੰਦਰ 63.2 ਮਿਲੀਮੀਟਰ ਦੀ ਇਸ ਬਾਰਿਸ਼ ਨੇ ਨਰਮਾ ਵਾਹੁਣ ਬਾਰੇ ਕਿਸਾਨਾਂ ਦਾ ਮਨ ਬਦਲ ਦਿੱਤਾ । ਇਸ ਮੀਂਹ ਨੇ ਨਰਮੇ ਦੀ ਫਸਲ ਨੂੰ ਨਵਾਂ ਜੀਵਨ ਦਿੱਤਾ ਹੈ । ਇਸ ਮੀਂਹ ਤੋਂ ਬਾਅਦ ਜਿੱਥੇ ਨਰਮੇ ਦੀ ਫਸਲ ‘ਤੇ ਚਿੱਟੀ ਮੱਖੀ ਦਾ ਹਮਲਾ ਘੱਟ ਹੋਇਆ, ਉੱਥੇ ਹੀ ਫਸਲ ਦਾ ਵਿਕਾਸ ਹੋਣ ਲੱਗਾ । ਜਦਕਿ ਇਸ ਤੋਂ ਪਹਿਲਾਂ ਨਰਮੇ ਦੇ ਬੂਟਿਆਂ ਦਾ ਕੱਦ ਵੀ ਨਹੀਂ ਵੱਧ ਰਿਹਾ ਸੀ । ਇਸ ਤੋਂ ਪਹਿਲਾਂ ਚਿੱਟੀ ਮੱਖੀ ਦਾ ਹਮਲਾ ਆਰਥਿਕ ਕਗਾਰ ਤੋਂ ਜ਼ਿਆਦਾ ਹੋਣ ਦੇ ਬਾਵਜੂਦ ਕਿਸਾਨਾਂ ਨੇ ਫਸਲਾਂ ‘ਤੇ ਕੀਟਨਾਸ਼ਕਾਂ ਦਾ ਛਿੜਕਾਅ ਕਰਨ ਤੋਂ ਗੁਰੇਜ਼ ਕੀਤਾ ਸੀ । ਕਿਉਕਿ ਕਿਸਾਨਾਂ ਦਾ ਮੰਨਣਾ ਸੀ ਕਿ ਇਹ ਦਵਾਈਆਂ ਮੱਖੀਆਂ ਨੂੰ ਨਹੀਂ ਮਾਰਨਗੀਆਂ ਸਗੋਂ ਐਵੇਂ ਲਾਗਤ ਖਰਚਾ ਹੀ ਵਧੇਗਾ । ਇਸ ਕੀਟਨਾਸ਼ਕ ਦਵਾਈਆਂ ‘ਤੇ ਖਰਚ ਕਰਨ ਦਾ ਕੋਈ ਫਾਇਦਾ ਨਹੀਂ ਹੈ । ਪਰ ਹੁਣ ਕਿਸਾਨਾਂ ਨੇ ਫਸਲਾਂ ਵਿਚ ਯੂਰੀਆ ਪਾਉਣਾ ਸ਼ੁਰੂ ਕਰ ਦਿੱਤਾ ਹੈ ਅਤੇ ਖੇਤੀਬਾੜੀ ਵਿਭਾਗ ਦੀ ਸਲਾਹ ਅਨੁਸਾਰ ਚਿੱਟੀ ਮੱਖੀ ਅਤੇ ਗੁਲਾਬੀ ਸੁੰਡੀ ਤੋਂ ਬਚਾਅ ਲਈ ਕੀਟਨਾਸ਼ਕਾਂ ਦਾ ਛਿੜਕਾਅ ਵੀ ਕੀਤਾ ਜਾ ਰਿਹਾ ਹੈ ।


BEW
ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ
KSA
4 IN 1 COMBO
BEW ਸੁਪਰ ਸੀਡਰ



• ਲੋਨ ਉਪਲੱਬਧ
• ਪਾਊਡਰ ਕੋਟਿੰਗ ਪੇਂਟ
• ਸਬਸਿਡੀ ਉਪਲੱਬਧ
• ਪੇਟੇਂਟ ਡਿਜਾਇਨ
• ਬੁਕਿੰਗ ਸ਼ੁਰੂ
TOLL FREE NUMBER
1800-120-004455
• KS AGROTECH PVT. LTD.
• BHAGWAN ENGINNERING WORKS
• KS POWERTECH PVT. LTD.
• KS AGRICULTURAL INDUSTRIES PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co


## ਪੀ.ਏ.ਯੂ. ਵੱਲੋਂ ਸਤੰਬਰ ਵਿੱਚ ਲਗਾਏ ਜਾ ਰਹੇ

# ਕਿਸਾਨ ਮੇਲੇ

| | | | |
|---|---|---|---|
| ਨਾਗਕਲਾਂ (ਅੰਮ੍ਰਿਤਸਰ) | 3 ਸਤੰਬਰ | ਗੁਰਦਾਸਪੁਰ | 18 ਸਤੰਬਰ |
| ਬੱਲੋਵਾਲ ਸੌਂਖੜੀ | 6 ਸਤੰਬਰ | ਰੌਣੀ (ਪਟਿਆਲਾ) | 24 ਸਤੰਬਰ |
| ਫਰੀਦਕੋਟ | 10 ਸਤੰਬਰ | ਬਠਿੰਡਾ | 27 ਸਤੰਬਰ |

ਪੀ.ਏ.ਯੂ. ਲੁਧਿਆਣਾ 13 ਤੇ 14 ਸਤੰਬਰ

